ੴ ਵਾਹਿਗੁਰੂ ਜੀ ਕੀ ਫ਼ਤਿਹ

ਗੁਰਮਤਿ ਐਲੀਮੈਂਟਰੀ ਕੋਰਸ

(ਭਾਗ–10ਵਾਂ)

GURMAT ELEMENTARY COURSE

(CORRESPONDENCE COURSE)

LESSON 10

ਪਿਆਰ ਭਰਿਆ ਸਮਰਪਣ:

ਗਿਆਨੀ ਜਗਜੀਤ ਸਿੰਘ ਸਿਦਕੀ
ਪ੍ਰਿੰਸੀਪਲ ਕੰਵਰ ਮਹਿੰਦਰ ਪ੍ਰਤਾਪ ਸਿੰਘ
ਬੀਬੀ ਮਨਰਾਜ ਕੌਰ

---- ਪ੍ਰਕਾਸ਼ਕ ----

ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਲੁਧਿਆਣਾ-141013 **ਫੋਨ :** 0161-2521700

E-mail: gurmatgian@rediffmail.com

Web: www.gurmatgian.org

ਸਭ ਹੱਕ ਗੁਰੂ ਪੰਥ ਦੇ ਰਾਖਵੇਂ ਹਨ। ਧਰਮ ਪ੍ਰਚਾਰ ਤੇ ਪ੍ਰਸਾਰ ਲਈ ਕੋਈ ਵੀ ਇਸਨੂੰ ਹਵਾਲੇ ਸਹਿਤ ਛਪਵਾ ਕੇ ਵੰਡ ਸਕਦਾ ਹੈ।

ਮਈ 2022 30/- ਰੁਪਏ

ਤਤਕਰਾ

	ਵਿਸ਼ਾ ਸੂਚੀ	ਪੰਨਾ
1.	ਗੁਰੂ ਗ੍ਰੰਥ ਸਾਹਿਬ ਜੀ	3
2.	ਸ਼ਬਦ ਗੁਰੂ ਦੀ ਮਹਾਨਤਾ	8
3.	ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਇਤਿਹਾਸ	13
4.	ਵਾਹੁ ਵਾਹੁ ਬਾਣੀ ਨਿਰੰਕਾਰ...	20
5.	ਹਮਾਰੀ ਪਿਆਰੀ ਅੰਮ੍ਰਿਤ ਧਾਰੀ...	21
6.	ਪਰਮੇਸਰਿ ਦਿਤਾ ਬੰਨਾ...	22
7.	ਸਤਿਗੁਰ ਬਚਨ ਤੁਮਾਰੇ...	23
8.	ਹਮ ਧਨਵੰਤ ਭਾਗਠ...	24
9.	ਮਾਤਾ ਸਾਹਿਬ ਕੌਰ ਜੀ	26
10.	ਭਾਈ ਗੁਰਦਾਸ ਜੀ	30
11.	ਗਿਆਨੀ ਦਿੱਤ ਸਿੰਘ ਜੀ	34
12.	ਭਾਈ ਕਾਨ੍ਹ ਸਿੰਘ ਜੀ ਨਾਭਾ	37
13.	ਭਾਈ ਕਰਮ ਸਿੰਘ ਜੀ ਹਿਸਟੋਰੀਅਨ	43
14.	ਪ੍ਰੋ. ਸਾਹਿਬ ਸਿੰਘ ਜੀ	48
15.	ਨਸ਼ੇ	53
16.	ਗੁਰੂ ਸਿਖੀ ਦੀ ਏਹ ਨੀਸ਼ਾਨੀ	59
17.	ਖ਼ਾਲਸਾ	63
18.	ਪ੍ਰਸ਼ਨ ਪੱਤਰ ਭਾਗ 10	63

ਨੋਟ:- ਇਤਿਹਾਸ ਵਿਚ ਆਈਆਂ ਮਿਤੀਆਂ ਮੂਲ ਨਾਨਕਸ਼ਾਹੀ ਕੈਲੰਡਰ 2003 ਅਨੁਸਾਰ ਹਨ।

(ਇਸ ਪੁਸਤਕ ਵਿਚ ਦਿੱਤੀਆਂ ਗਈਆਂ ਇਤਿਹਾਸਕ ਮਿਤੀਆਂ ਪੁਰਾਣੀ ਅੰਗ੍ਰੇਜ਼ੀ ਮਿਤੀਆਂ ਤੋਂ ਲਗਭਗ 15 ਦਿਨਾਂ ਦੇ ਫਰਕ ਨਾਲ ਲਈਆਂ ਗਈਆਂ ਹਨ ਕਿਉਂ ਜੋ ਮੌਜੂਦਾ ਨਾਨਕਸ਼ਾਹੀ ਕੈਲੰਡਰ ਵਾਲੀਆਂ ਤੇ ਪੁਰਾਤਨ ਮਿਤੀਆਂ ਦੇ ਮਲਾਨ ਦਾ ਇੰਨੇ ਦਿਨਾਂ ਦਾ ਅੰਤਰ ਹੈ। ਕਿਉਂਕਿ 1752 ਈ. ਵਿਚ ਅੰਗ੍ਰੇਜ਼ਾਂ ਨੇ ਆਪਣੀਆਂ ਮਿਤੀਆਂ ਵਿਚ ਦੋ ਹਫਤੇ ਦਾ ਫਰਕ ਪਾ ਕੇ ਅੰਤਰਰਾਸ਼ਟਰੀ ਕੈਲੰਡਰ ਨੂੰ ਅਪਣਾਇਆ ਸੀ।)

1. ਗੁਰੂ ਗ੍ਰੰਥ ਸਾਹਿਬ ਜੀ

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਜੀ ਸਨ। ਗੁਰੂ ਜੀ ਦਾ ਜੀਵਨ ਕਾਲ 1469 ਤੋਂ 1539 ਈ. ਤੱਕ ਦਾ ਹੈ। ਉਨ੍ਹਾਂ ਤੋਂ ਬਾਅਦ ਮਨੁੱਖੀ ਜਾਮੇ ਵਿਚ ਨੌਂ ਗੁਰੂ ਸਾਹਿਬਾਨ ਹੋਏ ਹਨ, ਜਿਨ੍ਹਾਂ ਦਾ ਜੀਵਨ ਕਾਲ 1708 ਈ. ਤੱਕ ਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 4 ਅਕਤੂਬਰ, 1708 ਈ. ਨੂੰ ਨਾਂਦੇੜ (ਮਹਾਂਰਾਸ਼ਟਰ) ਵਿਖੇ ਅੰਮ੍ਰਿਤ ਵੇਲੇ ਸੰਗਤ ਦੇ ਸਨਮੁਖ ਇਹ ਅਦੇਸ਼ ਦਿੱਤਾ ਕਿ ਹੁਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੇਰੀ ਥਾਂ ਤੇ ਗੁਰੂ ਜਾਨਣਾ ਤੇ ਮੰਨਣਾ। ਇਸ ਅਦੇਸ਼ ਨਾਲ ਦੇਹਧਾਰੀ ਗੁਰੂ ਪ੍ਰੰਪਰਾ ਸਮਾਪਤ ਹੋ ਗਈ। ਗੁਰੂ ਜੀ ਨੇ ਪੰਥ ਨੂੰ ਆਪਣਾ ਸਰੀਰ ਕਿਹਾ। ਇਸ ਤੋਂ ਪਿਛੋਂ ਅਕਤੂਬਰ 7, 1708 ਈ. ਨੂੰ ਗੁਰੂ ਜੀ ਨੇ ਭੌਤਿਕ ਸਰੀਰ ਤਿਆਗ ਦਿੱਤਾ। ਉਸ ਸਮੇਂ ਦੇ ਵਿਦਵਾਨਾਂ ਨੇ ਇਸ ਸਬੰਧੀ ਜੋ ਬਚਨ ਕਲਮਬੰਦ ਕੀਤੇ ਹਨ, ਉਨ੍ਹਾਂ ਵਿਚੋਂ ਕੁੱਝ ਇਸ ਪ੍ਰਕਾਰ ਹਨ:

ਦੂਸਰ ਰੂਪ ਗ੍ਰੰਥ ਜੀ ਜਾਣ। ਉਨ ਕੋ ਅੰਗ ਮੇਰਾ ਕਰ ਮਾਨ।
ਮੇਰਾ ਰੂਪ ਗ੍ਰੰਥ ਜੀ ਜਾਣ। ਇਸ ਮੇਂ ਭੇਦ ਨਹੀਂ ਕਛੂ ਮਾਨ।

(ਭਾਈ ਨੰਦ ਲਾਲ ਸਿੰਘ ਜੀ, ਰਹਿਤਨਾਮਾ)

ਅਕਾਲ ਪੁਰਖ ਕੇ ਬਚਨ ਸਿਓ ਪ੍ਰਗਟ ਚਲਾਇਓ ਪੰਥ।
ਸਭ ਸਿਖਨ ਕੋ ਬਚਨ ਇਹ ਗੁਰੂ ਮਾਨਿਓ ਗ੍ਰੰਥ।

(ਭਾਈ ਪ੍ਰਹਿਲਾਦ ਸਿੰਘ ਜੀ, ਰਹਿਤਨਾਮਾ)

ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਦੀ ਪਾਲਣਾ ਕਰਦੇ ਹੋਏ ਸਿੱਖ ਧਰਮ ਦੇ ਅਨੁਯਾਈਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਤੱਖ ਗੁਰੂ ਰੂਪ ਮੰਨਦੇ ਹੋਏ ਪੂਰਨ ਸਤਿਕਾਰ ਤੇ ਸਨਮਾਨ ਪ੍ਰਦਾਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਹਰ ਸਮੇਂ ਹਰ ਮਨੁੱਖ ਨੂੰ ਅਗਵਾਈ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਕਿਸੀ ਹੋਰ ਦੀ ਸ਼ਰਣ ਲੈਣੀ ਸਿੱਖ ਨੂੰ ਸੋਭਦੀ ਹੀ ਨਹੀਂ। ਅਰਦਾਸ ਤੋਂ ਬਾਅਦ ਗੁਰੂ ਪੰਥ ਵੱਲੋਂ ਪ੍ਰਵਾਨ ਕੀਤੇ ਦੋਹਰੇ ਨੂੰ ਹਰ ਰੋਜ਼ ਸਾਰੀ ਸੰਗਤ ਦੁਹਰਾਉਂਦੀ ਹੈ।

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸਭ ਸਿਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕਉ ਮਿਲਬੋ ਚਹੇ, ਖੋਜ ਸ਼ਬਦ ਮਹਿ ਲੇਹ।

ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਪਹਿਲਾਂ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ " ਤੱਕ ਮੰਗਲ, ਮੂਲ-ਮੰਤ੍ਰ (ਧਰਮ ਦਾ ਮੂਲ ਉਪਦੇਸ਼) ਹੈ। ਹਰ ਬਾਣੀ ਦਾ ਆਰੰਭ ਮੰਗਲ ਨਾਲ ਹੁੰਦਾ ਹੈ। ਇਹ ਰੂਪ ਸੰਖੇਪ ਜਾਂ ਪੂਰਨ ਤੌਰ ਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ 567 ਵਾਰੀ ਸੁਭਾਇਮਾਨ ਹਨ। ਇਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

- ੴ ਸਤਿਗੁਰ ਪ੍ਰਸਾਦਿ 523 ਵਾਰੀ
- ੴ ਸਤਿ ਨਾਮੁ ਕਰਤਾ ਪੁਰਖ ਗੁਰਪ੍ਰਸਾਦਿ 9 ਵਾਰੀ
- ੴ ਸਤਿ ਨਾਮੁ ਗੁਰ ਪ੍ਰਸਾਦਿ 2 ਵਾਰੀ

ਸੰਪੂਰਨ ਮੂਲ ਮੰਤਰ ਦਾ ਪ੍ਰਯੋਗ 33 ਵਾਰੀ ਕੀਤਾ ਗਿਆ ਹੈ।

ਇਸ ਤੋਂ ਅਗਾਂਹ ਸਭ ਤੋਂ ਪਹਿਲੀ ਬਾਣੀ 'ਜਪੁ' ਹੈ, ਜੋ ਗੁਰੂ ਨਾਨਕ ਸਾਹਿਬ ਜੀ ਦੀ ਉਚਾਰੀ ਹੋਈ ਹੈ। ਇਸ ਵਿਚ 38 ਪਉੜੀਆਂ ਤੇ 2 ਸਲੋਕ ਹਨ, ਇਕ ਸਲੋਕ ਸ਼ੁਰੂ ਵਿਚ "ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ " ਤੇ ਅਖੀਰ ਵਿਚ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ " ਵਾਲਾ ਹੈ। ਸਵੇਰੇ ਅੰਮ੍ਰਿਤ ਵੇਲ਼ੇ ਇਸ ਬਾਣੀ ਦਾ ਪਾਠ ਕਰਨ ਦੀ ਮਰਯਾਦਾ ਹੈ।

ਇਸ ਤੋਂ ਅਗਲੀ ਬਾਣੀ ਦੇ ਦੋ ਹਿੱਸੇ ਹਨ: "ਸੋਦਰੁ ਅਤੇ ਸੋ ਪੁਰਖੁ"। 'ਸੋਦਰੁ ਵਿਚ ਪੰਜ ਸ਼ਬਦ ਹਨ ਅਤੇ 'ਸੋ ਪੁਰਖੁ' ਵਿਚ ਚਾਰ। ਇਹ ਬਾਣੀ ਸ਼ਾਮ ਵੇਲੇ ਪੜ੍ਹੀਦੀ ਹੈ। ਇਸ ਨੂੰ 'ਰਹਰਾਸਿ' ਭੀ ਆਖਦੇ ਹਾਂ।

ਇਸ ਤੋਂ ਅਗਲਾ "ਸੋਹਿਲਾ" ਹੈ, ਜਿਸ ਵਿਚ ਪੰਜ ਸ਼ਬਦ ਹਨ। ਸਿੱਖ ਰਹਿਤ ਮਰਿਯਾਦਾ ਵਿਚ ਰਾਤ ਨੂੰ ਸੌਣ ਸਮੇਂ ਇਸ ਦਾ ਪਾਠ ਕਰਨ ਦੀ ਹਦਾਇਤ ਹੈ। ਅਗਾਂਹ ਬਾਣੀ ਰਾਗਾਂ ਅਨੁਸਾਰ ਦਰਜ ਹੈ। ਹੇਠ ਲਿਖੇ 31 ਰਾਗ ਹਨ:

ਲੜੀ	ਰਾਗੁ	ਪੰਨਾ	ਲੜੀ	ਰਾਗੁ	ਪੰਨਾ
1.	ਸਿਰੀਰਾਗੁ	14	2.	ਮਾਝ	94
3.	ਗਉੜੀ	151	4.	ਆਸਾ	347
5.	ਗੂਜਰੀ	489	6.	ਦੇਵਗੰਧਾਰੀ	527
7.	ਬਿਹਾਗੜਾ	537	8.	ਵਡਹੰਸੁ	557
9.	ਸੋਰਠਿ	595	10.	ਧਨਾਸਰੀ	660
11.	ਜੈਤਸਰੀ	696	12.	ਟੋਡੀ	711
13.	ਬੈਰਾੜੀ	719	14.	ਤਿਲੰਗ	721
15.	ਸੂਹੀ	728	16.	ਬਿਲਾਵਲੁ	795
17.	ਗੋਂਡ	859	18.	ਰਾਮਕਲੀ	876
19.	ਨਟ ਨਰਾਇਨ	975	20.	ਮਾਲੀ ਗਉੜਾ	984
21.	ਮਾਰੂ	989	22.	ਤੁਖਾਰੀ	1107
23.	ਕੇਦਾਰਾ	1118	24.	ਭੈਰਉ	1125
25.	ਬਸੰਤੁ	1168	26.	ਸਾਰਗ	1197
27.	ਮਲਾਰ	1254	28.	ਕਾਨੜਾ	1294
29.	ਕਲਿਆਨ	1319	30.	ਪਰਭਾਤੀ	1327

31. ਜੈਜਾਵੰਤੀ 1352

ਰਾਗਾਂ ਉਪਰੰਤ ਹੇਠ ਲਿਖੀਆਂ ਬਾਣੀਆਂ ਦਰਜ ਹਨ:

ਰਾਗ ਰਹਿਤ ਬਾਣੀਆਂ	**ਸਲੋਕ/ਪਦੇ**	**ਪੰਨਾ**
ਸਲੋਕ ਸਹਸਕ੍ਰਿਤੀ ਮਹਲਾ ੧	4	1353
ਸਲੋਕ ਸਹਸਕ੍ਰਿਤੀ ਮਹਲਾ ੫	67	1353
ਮਹਲਾ ੫ ਗਾਥਾ	24	1360
ਫੁਨਹੇ ਮਹਲਾ ੫	23	1361
ਚਉਬੋਲੇ ਮਹਲਾ ੫	11	1363
ਸਲੋਕ ਭਗਤ ਕਬੀਰ ਜੀਉ ਕੇ	243	1364
ਸਲੋਕ ਸੇਖ ਫਰੀਦ ਕੇ	130	1377
ਸਵਯੇ ਸ੍ਰੀ ਮੁਖਬਾਕ੍ਯ	20	1385
ਸਵਈਏ 11 ਭੱਟਾਂ ਦੇ	123	1389
ਸਲੋਕ ਵਾਰਾਂ ਤੇ ਵਧੀਕ	209	1410
ਮੁੰਦਾਵਣੀ ਮਹਲਾ ੫	1	1429
ਸਲੋਕ ਮਹਲਾ ੫	1	1429
ਰਾਗਮਾਲਾ		1429

ਹਰੇਕ ਰਾਗ ਵਿਚ ਬਾਣੀ ਦੀ ਤਰਤੀਬ ਦਾ ਵੇਰਵਾ ਆਮ ਤੌਰ ਤੇ ਇਉਂ ਹੈ:

ਸ਼ਬਦ, ਅਸ਼ਟਪਦੀਆਂ, ਛੰਤ, ਵਾਰ, ਭਗਤਾਂ ਦੀ ਬਾਣੀ। ਇਹ ਸ਼ਬਦ, ਅਸ਼ਟਪਦੀਆਂ, ਛੰਤ ਆਦਿਕ ਭੀ ਖ਼ਾਸ ਕ੍ਰਮ ਅਨੁਸਾਰ ਦਰਜ ਹਨ: ਪਹਿਲਾਂ ਗੁਰੂ ਨਾਨਕ ਸਾਹਿਬ ਜੀ ਦੇ, ਫਿਰ ਗੁਰੂ ਅਮਰਦਾਸ ਸਾਹਿਬ ਜੀ, ਫਿਰ ਗੁਰੂ ਰਾਮਦਾਸ ਸਾਹਿਬ ਜੀ ਅਖੀਰ ਵਿਚ ਗੁਰੂ ਅਰਜਨ ਸਾਹਿਬ ਜੀ ਦੇ, ਗੁਰੂ ਅੰਗਦ ਸਾਹਿਬ ਜੀ ਦੇ 'ਸ਼ਬਦ' ਨਹੀਂ ਹਨ, ਸਿਰਫ ਸਲੋਕ ਹਨ ਜੋ ਕਈ 'ਵਾਰਾਂ' ਦੀਆਂ ਪਾਉੜੀਆਂ ਨਾਲ ਦਰਜ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਬਦ ਜਿਸ ਰਾਗ ਵਿਚ ਹਨ, ਉਥੇ ਉਹ ਕ੍ਰਮ-ਅਨੁਸਾਰ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦਾਂ ਤੋਂ ਪਿਛੋਂ ਦਰਜ ਹਨ। ਸਾਰੇ ਸ਼ਬਦ ਮੁੱਕ ਜਾਣ ਤੇ ਇਸੇ ਤਰਤੀਬ ਅਨੁਸਾਰ ਅਸ਼ਟਪਦੀਆਂ ਹਨ। ਗੁਰੂ ਤੇਗ ਬਹਾਦਰ ਸਾਹਿਬ ਦੀ ਕੋਈ ਅਸ਼ਟਪਦੀ ਨਹੀਂ। ਇਸੇ ਤਰ੍ਹਾਂ ਫਿਰ ਛੰਤ ਦਰਜ ਕੀਤੇ ਗਏ ਹਨ।

31 ਰਾਗਾਂ ਵਿਚ ਬਾਣੀ ਦਾ ਵੇਰਵਾ:

	ਸ਼ਬਦ	**ਅਸ਼ਟਪਦੀਆਂ**	**ਛੰਤ**	**ਜੋੜ**
ਮਹਲਾ ੧	207	120	25	352
ਮਹਲਾ ੩	172	91	20	283
ਮਹਲਾ ੪	241	29	38	308
ਮਹਲਾ ੫	1348	65	70	1483

ਮਹਲਾ ੯	59	–	–	59
	2027	**305**	**146**	**1485**

ਵਾਰਾਂ: ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 22 ਵਾਰਾਂ ਹਨ। ਇਹਨਾਂ ਵਿਚੋਂ 21 'ਵਾਰਾਂ' ਗੁਰੂ ਸਾਹਿਬਾਨ ਦੀਆਂ ਹਨ, 'ਤੇ ਇਕ 'ਵਾਰ' 'ਬਲਵੰਡ ਸੱਤੇ' ਦੀ ਹੈ। ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ:

ਗੁਰੂ ਨਾਨਕ ਸਾਹਿਬ ਜੀ– ਰਾਗੁ ਮਾਝ, ਆਸਾ ਤੇ ਮਲਾਰ ਵਿਚ–**3 ਵਾਰਾਂ**

ਗੁਰੂ ਅਮਰਦਾਸ ਸਾਹਿਬ ਜੀ– ਰਾਗੁ ਗੂਜਰੀ, ਸੂਹੀ, ਰਾਮਕਲੀ ਤੇ ਮਾਰੂ ਵਿਚ– **4 ਵਾਰਾਂ**

ਗੁਰੂ ਰਾਮਦਾਸ ਸਾਹਿਬ ਜੀ– ਸਿਰੀਰਾਗੁ, ਗਉੜੀ, ਬਿਹਾਗੜਾ, ਵਡਹੰਸੁ, ਸੋਰਠਿ, ਬਿਲਾਵਲ, ਸਾਰਗ ਅਤੇ ਕਾਨੜਾ ਵਿਚ– **8 ਵਾਰਾਂ**

ਗੁਰੂ ਅਰਜਨ ਸਾਹਿਬ ਜੀ– ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤੁ– **6 ਵਾਰਾਂ**

ਰਾਗਾਂ ਅਨੁਸਾਰ ਇਨ੍ਹਾਂ 22 ਵਾਰਾਂ ਦਾ ਵੇਰਵਾ ਇਉਂ ਹੈ:

ਗਉੜੀ–2, ਗੂਜਰੀ–2, ਰਾਮਕਲੀ–3, ਮਾਰੂ–2= **ਕੁੱਲ ਜੋੜ–9**

ਬਾਕੀ ਹੇਠ ਲਿਖੇ 13 ਰਾਗਾਂ ਵਿਚ ਇਕ–ਇਕ ਵਾਰ ਹੈ:

ਸਿਰੀਰਾਗੁ, ਮਾਝ, ਆਸਾ, ਬਿਹਾਗੜਾ, ਵਡਹੰਸੁ, ਸੋਰਠਿ, ਜੈਤਸਰੀ, ਸੂਹੀ, ਬਿਲਾਵਲੁ, ਬਸੰਤੁ, ਸਾਰਗ, ਮਲਾਰ ਅਤੇ ਕਾਨੜਾ।

ਭਾਈ ਸੱਤੇ ਬਲਵੰਡ ਦੀ 'ਵਾਰ' ਅਤੇ ਰਾਗੁ 'ਬਸੰਤੁ ਦੀ ਵਾਰ' ਤੋਂ ਬਿਨਾਂ ਬਾਕੀ ਹਰੇਕ ਪਉੜੀਆਂ ਦੇ ਨਾਲ ਪਹਿਲੇ ਪੰਜ ਗੁਰ–ਵਿਅਕਤੀਆਂ ਦੇ ਸਲੋਕ ਭੀ ਦਰਜ ਹਨ। ਇਹਨਾਂ ਪਾਉੜੀਆਂ ਅਤੇ ਸਲੋਕਾਂ ਦਾ ਵੇਰਵਾ ਇਉਂ ਹੈ:

ਮਹਲਾ ੧	78 ਪਾਉੜੀਆਂ	ਮਹਲਾ ੩	85 ਪਾਉੜੀਆਂ
ਮਹਲਾ ੪	183 ਪਉੜੀਆਂ	ਮਹਲਾ ੫	117 ਪਉੜੀਆਂ

21 ਵਾਰਾਂ ਦੀਆਂ ਪਾਉੜੀਆਂ ਦਾ ਜੋੜ	=	463 ਪਉੜੀਆਂ
1 ਵਾਰ, ਭਾਈ ਬਲਵੰਡ ਭਾਈ ਸੱਤੇ ਦੀ	=	8 ਪਾਉੜੀਆਂ
22 ਵਾਰਾਂ ਦੀਆਂ ਪਾਉੜੀਆਂ ਦਾ ਕੁਲ ਜੋੜ	=	471 ਪਾਉੜੀਆਂ

22 ਵਾਰਾਂ ਦੇ ਸਲੋਕਾਂ ਦਾ ਵੇਰਵਾ:

ਮਹਲਾ ੧	226 ਸਲੋਕ	ਮਹਲਾ ੪	104 ਸਲੋਕ
ਮਹਲਾ ੨	63 ਸਲੋਕ	ਮਹਲਾ ੫	255 ਸਲੋਕ
ਮਹਲਾ ੩	342 ਸਲੋਕ	ਕਬੀਰ ਜੀ	5 ਸਲੋਕ

ਕੁੱਲ ਜੋੜ: 995

ਭਗਤਾਂ ਦੀ ਬਾਣੀ:

ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿਚੋਂ 22 ਰਾਗਾਂ ਵਿਚ ਭਗਤਾਂ ਦੀ ਬਾਣੀ ਹੈ। ਭਗਤਾਂ ਦੇ ਸਾਰੇ ਸ਼ਬਦ 347 ਹਨ, ਅਤੇ ਭਗਤ ਬਾਣੀ ਵਿਚ 3 ਸ਼ਬਦ ਗੁਰੂ ਅਰਜਨ ਸਾਹਿਬ ਜੀ ਦੇ ਹਨ। ਕੁਲ ਜੋੜ 350 ਹੈ।

ਵੇਰਵਾ	ਸ਼ਬਦ	ਵੇਰਵਾ	ਸ਼ਬਦ
ਭਗਤ ਕਬੀਰ ਜੀ	225	ਭਗਤ ਭੀਖਨ ਜੀ	2
ਭਗਤ ਨਾਮਦੇਵ ਜੀ	61	ਭਗਤ ਪਰਮਾਨੰਦ ਜੀ	1
ਭਗਤ ਰਵਿਦਾਸ ਜੀ	40	ਭਗਤ ਸੈਣ ਜੀ	1
ਭਗਤ ਤ੍ਰਿਲੋਚਨ ਜੀ	4	ਭਗਤ ਪੀਪਾ ਜੀ	1
ਭਗਤ ਫਰੀਦ ਜੀ	4	ਭਗਤ ਸਧਨਾ ਜੀ	1
ਭਗਤ ਬੇਣੀ ਜੀ	3	ਭਗਤ ਰਾਮਾਨੰਦ ਜੀ	1
ਭਗਤ ਧੰਨਾ ਜੀ	3	ਭਗਤ ਸੂਰਦਾਸ ਜੀ	1 (ਤੁਕ)
ਭਗਤ ਜੈ ਦੇਵ ਜੀ	2		

ਸ਼ਬਦਾਂ ਤੋਂ ਇਲਾਵਾ ਗਉੜੀ ਰਾਗ ਵਿਚ ਕਬੀਰ ਜੀ ਦੀਆਂ 3 ਹੋਰ ਹੇਠ ਲਿਖੀਆਂ ਬਾਣੀਆਂ ਹਨ: ਬਾਵਨ ਅਖਰੀ, ਪੰਦ੍ਰਹ ਥਿਤੀ ਅਤੇ ਸਤ ਵਾਰ।

ਗੁਰੂ ਗ੍ਰੰਥ ਸਾਹਿਬ ਜੀ ਵਿਚ 6 ਗੁਰੂ ਸਾਹਿਬਾਨ, 15 ਭਗਤਾਂ ਦੀ ਬਾਣੀ ਤੋਂ ਇਲਾਵਾ, 11 ਭੱਟਾਂ (ਭਾਈ ਭਿੱਖਾ, ਕੱਲਸਹਾਰ, ਜਾਲਪ, ਕੀਰਤ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ੍ਹ, ਹਰਿਬੰਸ) ਤੇ 3 ਗੁਰਸਿੱਖਾਂ (ਭਾਈ ਸੁੰਦਰ, ਭਾਈ ਬਲਵੰਡ, ਭਾਈ ਸੱਤਾ) ਦੀ ਬਾਣੀ ਸੁਭਾਇਮਾਨ ਹੈ।

ਨੌਂ ਧੁਨਾਂ: ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਜਿਥੇ ਸੰਗੀਤ ਵਿਚ ਕਮਾਲ ਕੀਤਾ ਹੈ, ਨਾਲ ਹੀ ਬੀਰ ਰਸ ਪੈਦਾ ਕਰਨ ਲਈ ਪਰਉਪਕਾਰੀ ਸੂਰਬੀਰ 'ਤੇ ਪੁਰਸ਼ਾਂ ਦੇ ਨਾਵਾਂ ਦੀਆਂ ਵਾਰਾਂ ਤੇ ਢੰਗ ਪੁਰ ਗਾਉਣ ਲਈ ਗੁਰੂ ਅਰਜਨ ਸਾਹਿਬ ਜੀ ਨੇ ਨੌਂ ਧੁਨਾਂ ਚੜ੍ਹਾਈਆਂ ਹਨ। ਨੌਂ ਧੁਨਾਂ ਇਸ ਪ੍ਰਕਾਰ ਹਨ:

1. ਵਾਰ ਮਾਝ ਕੀ ਸਲੋਕ ਮ:੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ।
2. ਗਉੜੀ ਕੀ ਵਾਰ ਮ:੫, ਰਾਇ ਕਮਾਲ ਦੀ ਮੌਜਦੀ ਕੀ ਧੁਨਿ ਉਪਰਿ ਗਾਵਣੀ।
3. ਵਾਰ ਆਸਾ ਮ:੧, ਟੁੰਡੇ ਅਸਰਾਜੈ ਕੀ ਧੁਨੀ।
4. ਗੂਜਰੀ ਕੀ ਵਾਰ ਮ:੩, ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ।
5. ਵਡਹੰਸ ਕੀ ਵਾਰ ਮ:੪, ਲਲਾਂ ਬਹਿਲੀਮਾ ਕੀ ਧੁਨਿ ਗਾਵਣੀ।
6. ਰਾਮਕਲੀ ਕੀ ਵਾਰ ਮ:੩, ਜੋਧੈ ਵੀਰੈ ਪੂਰਬਣੀ ਕੀ ਧੁਨੀ।
7. ਸਾਰੰਗ ਕੀ ਵਾਰ ਮ:੪, ਰਾਇ ਮਹਮੇ ਹਸਨੇ ਕੀ ਧੁਨਿ।
8. ਮਲਾਰ ਕੀ ਵਾਰ ਮ:੧, ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ।

9. ਕਾਨੜੇ ਕੀ ਵਾਰ ਮ:੪, ਮੂਸੇ ਕੀ ਵਾਰ ਕੀ ਧੁਨੀ।

ਇਸ ਤੋਂ ਇਲਾਵਾ ਸਾਰੀਆਂ ਬਾਣੀਆਂ ਦੇ ਅੰਤ ਤੇ ਅੰਕਾਂ ਦੀ ਗਿਣਤੀ ਵੀ ਨਾਲੋ-ਨਾਲ ਦਿੱਤੀ ਗਈ ਹੈ। ਜਿਸ ਕਰਕੇ ਬਾਣੀ ਵਿਚ ਮਿਲਾਵਟ ਕਰਨੀ ਅਸੰਭਵ ਹੈ।

ਉਪਰੋਕਤ ਸਾਰੀ ਵੀਚਾਰ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਨਾਵਟ ਨੂੰ ਚੰਗੀ ਤਰ੍ਹਾਂ ਘੋਖ ਪੜਤਾਲ ਲਿਆ ਜਾਵੇ, ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਗੁਰੂ ਸਾਹਿਬਾਨਾਂ ਵੱਲੋਂ ਦੱਸੀ ਇਸ ਮਹਾਨ ਜੀਵਨ ਜੁਗਤ ਵਿਚ ਜਿਥੇ ਅਧਿਆਤਮ ਦਾ ਪੱਖ ਬੜਾ ਸੰਵੇਦਨਸ਼ੀਲ ਅਤੇ ਸਭ ਬਾਣੀਕਾਰਾਂ ਵੱਲੋਂ ਇਕ ਮੱਤ ਹੈ, ਉਥੇ ਇਸ ਦਾ ਬਾਹਰੀ ਸਰੂਪ ਵੀ ਕੋਈ ਘੱਟ ਮਹੱਤਵਪੂਰਨ ਨਹੀਂ। ਸਾਰੀ ਬਾਣੀ ਦੀ ਵਿਉਂਤਬੱਧ ਤਰਤੀਬ ਮਨੁੱਖ ਨੂੰ ਬਾਣੀ ਨੂੰ ਚੰਗੀ ਤਰ੍ਹਾਂ ਸਮਝਣ ਵਿਚ ਬਹੁਤ ਸਹਾਇਤਾ ਦਿੰਦੀ ਹੈ। ਹਰ ਅੱਖਰ, ਹਰ ਸ਼ਬਦ, ਹਰ ਤੁਕ, ਹਰ ਬਾਣੀ ਅਤੇ ਹਰ ਰਾਗ ਸੰਪੂਰਨ "ਗੁਰੂ ਗ੍ਰੰਥ ਸਾਹਿਬ ਜੀ" ਦਾ ਅਟੁੱਟ ਹਿੱਸਾ ਹੁੰਦੇ ਹੋਏ ਵੀ ਆਪਣੇ ਆਪ ਵਿਚ ਨਿੱਜੀ ਹੋਂਦ ਵੀ ਰੱਖਦਾ ਹੈ। ਸਮੂਹ ਬਾਣੀਕਾਰਾਂ ਦੀ ਸਮਝ-ਬੂਝ ਅੱਗੇ ਮਸਤਕ ਝੁੱਕ ਜਾਂਦਾ ਹੈ, ਜਦੋਂ ਇਸ ਚੋਟੀ ਦੀ ਸਾਹਿਤਿਕ ਸਿਰਜਣਾ ਦੀ ਗੋਂਦ ਨੂੰ ਘੋਖਣ ਦਾ ਮੌਕਾ ਮਿਲਦਾ ਹੈ। ਵਾਹਿਗੁਰੂ ਬਖਸ਼ਿਸ਼ ਕਰੇ ਅਤੇ ਗੁਰੂ ਸਾਹਿਬਾਨ ਦੀ ਇੱਛਾ ਮੁਤਾਬਿਕ ਹਰ ਮਨੁੱਖ ਚੋਟੀ ਦੀ ਸਮਝ-ਬੂਝ ਵਾਲਾ ਹੋ ਸਕੇ।

-0-

2. ਸ਼ਬਦ ਗੁਰੂ ਦੀ ਮਹਾਨਤਾ

ਜੀਵਨ ਦੇ ਹਰ ਪਹਿਲੂ ਤੇ ਚਾਨਣਾ ਪਾਉਂਦੇ 'ਸ਼ਬਦ ਗੁਰੂ' ਦੀ ਮਹਾਨਤਾ ਨੂੰ ਕੋਈ ਵੀ ਕਿਵੇਂ ਸ਼ਬਦਾਂ ਵਿਚ ਕੈਦ ਕਰ ਸਕਦਾ ਹੈ? ਪਰ ਗੁਰੂ ਨਾਨਕ ਸਾਹਿਬ ਨੇ ਇਸੇ 'ਸ਼ਬਦ ਗੁਰੂ' ਦੀ ਮਹਾਨਤਾ ਤੋਂ ਦੁਨੀਆਂ ਨੂੰ ਜਾਣੂ ਕਰਾਉਣ ਲਈ 239 ਸਾਲ ਦਾ ਸਮਾਂ ਆਪਣੇ ਦਸਾਂ ਸਰੀਰਕ ਰੂਪਾਂ ਵਿਚ ਲਾਇਆ ਹੈ। ਸ਼ੁਰੂ ਤੋਂ ਹੀ ਜਦੋਂ ਗੁਰੂ ਸਾਹਿਬ ਸਿੱਧਾਂ ਨਾਲ ਵਿਚਾਰ ਚਰਚਾ ਕਰ ਰਹੇ ਸਨ, ਤਾਂ ਸਿੱਧਾਂ ਨੇ ਆਪ ਜੀ ਦੇ ਸਰਬਪੱਖੀ ਗਿਆਨ ਤੋਂ ਪ੍ਰਭਾਵਤ ਹੁੰਦਿਆਂ ਪੁੱਛ ਲਿਆ ਸੀ?

ਤੇਰਾ ਕਵਣੁ ਗੁਰੂ ਜਿਸਕਾ ਤੂੰ ਚੇਲਾ (942)

ਤਾਂ ਗੁਰੂ ਨਾਨਕ ਸਾਹਿਬ ਜੀ ਨੇ ਸਹਿਜ ਸੁਭਾਅ ਹੀ ਜੋ ਉੱਤਰ ਦਿੱਤਾ ਸੀ "ਸਬਦੁ ਗੁਰੂ ਸੁਰਤਿ ਧੁਨਿ ਚੇਲਾ (943) ਭਾਵ: ਪਰਮਾਤਮਾ ਦਾ ਸੱਚਾ ਨਾਮ ਹੀ ਮੇਰਾ ਗੁਰੂ ਹੈ ਅਤੇ ਸੰਪੂਰਨ ਧਿਆਨ ਹੀ ਉਸ ਦਾ ਚੇਲਾ ਹੈ। ਸਰੀਰ ਨੂੰ ਨਾ ਆਪ ਜੀ ਨੇ ਕਿਤੇ ਗੁਰੂ ਵਜੋਂ ਵਡਿਆਈ ਦਿੱਤੀ ਅਤੇ ਨਾ ਹੀ ਆਪ ਜੀ ਨੇ ਚੇਲੇ ਵਜੋਂ ਹੀ ਸਰੀਰ ਨੂੰ ਵਡਿਆਇਆ, ਸਗੋਂ ਸੱਚੇ ਗਿਆਨ ਨੂੰ ਹੀ ਸਦੀਵੀ ਗੁਰੂ ਦੇ ਰੂਪ ਵਿਚ ਬਿਆਨਿਆ ਅਤੇ ਫਿਰ ਆਪਣੇ ਇਸ ਕਥਨ ਦੀ ਪ੍ਰੋੜਤਾ ਲਈ ਜਿਥੋਂ ਵੀ ਸੱਚ ਮਿਲਿਆ, ਆਪਣੇ ਕੋਲ ਇਕੱਠਾ ਕਰਦੇ ਗਏ। ਆਪ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਬਾਬਾ ਫ਼ਰੀਦ, ਭਗਤ ਕਬੀਰ, ਭਗਤ ਨਾਮਦੇਵ, ਇਤਿਆਦਿਕ 15 ਭਗਤਾਂ ਦੀ ਬਾਣੀ ਨੂੰ ਇਕੋ ਥਾਂ ਇਕੱਠਾ ਕਰਕੇ ਇਹ ਸਾਬਤ ਕਰ ਦਿੱਤਾ ਕਿ ਸੱਚ ਸਦਾ ਹੀ ਇਕੋ ਜਿਹਾ ਹੁੰਦਾ ਹੈ। ਜੋ ਕੋਈ ਵੀ ਸਤਿ ਸਰੂਪ ਪਰਮਾਤਮਾ

ਨੂੰ ਸਮਝ ਲੈਂਦਾ ਹੈ, ਪਹਿਚਾਣ ਲੈਂਦਾ ਹੈ, ਉਸ ਦੇ ਸ਼ਬਦ ਫਿਰ ਇਕੋ ਜਿਹੇ ਹੀ ਹੋ ਜਾਂਦੇ ਹਨ ਭਾਵੇਂ ਉਹ ਗੁਰੂ ਨਾਨਕ ਸਾਹਿਬ ਆਪ ਹੋਣ ਜਾਂ ਬਾਬਾ ਫ਼ਰੀਦ ਜਾਂ ਭਗਤ ਨਾਮਦੇਵ ਜਾਂ ਭਗਤ ਕਬੀਰ ਆਦਿਕ। ਸਿਰਫ਼ ਸ਼ਬਦਾਂ ਦਾ ਰੂਪ ਹੀ ਵੱਖਰਾ ਹੁੰਦਾ ਹੈ। ਸੱਚ ਦੀ ਭਾਵਨਾ ਸਦਾ ਹੀ ਇਕੋ ਜਿਹੀ ਹੀ ਹੁੰਦੀ ਹੈ। ਸੱਚ ਦੀ ਇਸੇ ਭਾਵਨਾ ਨੂੰ ਅੱਗੇ ਤੋਰਦਿਆਂ ਪੰਜਵੇਂ ਪਾਤਸ਼ਾਹ ਤੱਕ ਪੰਜਾਂ ਗੁਰੂ ਸਾਹਿਬਾਂਨ ਦੀ ਸਾਰੀ ਬਾਣੀ ਅਤੇ ਹੋਰ ਭਗਤਾਂ ਦੀ ਬਾਣੀ ਨੇ ਜਦੋਂ ਆਦਿ ਗ੍ਰੰਥ ਦੇ ਰੂਪ ਵਿਚ ਸੱਚ ਦੀ ਇਕ ਕਸਵੱਟੀ ਦਾ ਰੂਪ ਲੈ ਲਿਆ, ਤਾਂ ਲੋਕਾਈ ਲਈ ਇਹ ਇਕ ਹੈਰਾਨ ਕਰਨ ਵਾਲੀ ਘਟਨਾ ਸੀ। ਐਨਾ ਵੱਡ ਅਕਾਰੀ ਗ੍ਰੰਥ, ਸਿਰੇ ਦੇ ਗੁਰਮਤਿ ਦੇ ਵਦਵਾਨ ਭਾਈ ਗੁਰਦਾਸ ਜੀ ਨੇ ਪੰਚਮ ਪਾਤਸ਼ਾਹ ਜੀ ਦੀ ਨਿਗਰਾਨੀ ਵਿਚ ਜਦੋਂ ਸੰਪਾਦਿਤ ਕੀਤਾਂ, ਤਾਂ ਹਰ ਫਿਰਕੇ ਦੇ ਮਹਾਂਪੁਰਖਾਂ ਦਾ ਸੱਚ ਇਸ ਵਿਚ ਸ਼ਾਮਿਲ ਕੀਤਾ। ਜੀਵਨ ਦੇ ਹਰ ਪਹਿਲੂ ਦਾ ਗਿਆਨ ਇਸ ਵਿਚ ਸ਼ਾਮਿਲ ਹੈ। ਬਹੁਤ ਸਾਰੀਆਂ ਭਾਸ਼ਾਵਾਂ ਦਾ ਇਹ ਸੁਮੇਲ ਹੈ, ਪਰ ਹਰ ਭਾਸ਼ਾ ਦੀ ਭਾਵਨਾ ਵਿਚੋਂ ਜੀਵਨ ਅਤੇ ਪਰਮਾਤਮਾ ਦਾ ਸੱਚਾ ਗਿਆਨ ਹੀ ਡੁੱਲ੍ਹ=ਡੁੱਲ੍ਹ ਪੈਂਦਾ ਹੈ। ਇਕ ਵੱਖਰੀ ਹੀ ਵਿਆਕਰਣ ਸ਼ੈਲੀ ਵਿਚ ਗੜੁੰਦ ਹੋ ਕੇ ਸਾਰੀਆਂ ਭਾਸ਼ਾਵਾਂ ਇਕ ਹੀ ਗੁਲਦਸਤੇ ਦਾ ਹਿੱਸਾ ਹੋ ਜਾਂਦੀਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਲੱਗ-ਅਲੱਗ ਭਾਸ਼ਾਵਾਂ ਦੇ ਅਲੱਗ ਸ਼ਬਦ ਇਕੋ ਥਾਂ ਇਕੱਠੇ ਹੋ ਕੇ, ਇਕੋ ਜਿਹੀ ਮਹਿਕ ਵੰਡਦਿਆਂ ਇਸ ਸਦਾ ਅਟੱਲ ਗੁਲਦਸਤੇ ਦਾ ਹਿੱਸਾ ਹੋ ਗਏ ਹਨ। ਹਰ ਸ਼ਬਦ ਆਪਣੀ ਪੂਰੀ ਨਿੱਜੀ ਯੋਗਤਾ ਰੱਖਦਿਆਂ ਵੀ ਦੂਜਿਆਂ ਨਾਲ ਇਕਮਿਕ ਹੈ। ਇਸ ਚੋਟੀ ਦੀ ਸਾਹਿਤਕ ਸਿਰਜਣਾ ਦੀ ਮਿਸਾਲ ਸੰਸਾਰ ਵਿਚ ਦੂਜੀ ਕੋਈ ਨਹੀਂ। ਸਾਰੀ ਹੀ ਸਿਰਜਣਾ ਕਾਵਿ ਰੂਪ ਵਿਚ ਹੋਣ ਕਰਕੇ ਸਿੱਧੀ ਮਨੁੱਖ ਦੇ ਹਿਰਦੇ ਨੂੰ ਟੁੰਬਦੀ ਹੈ। ਇਕੱਤੀ ਵੱਖਰੇ-ਵੱਖਰੇ ਰਾਗਾਂ ਵਿਚ ਵੰਡੀ ਸਮੁੱਚੀ ਬਾਣੀ ਹਰ ਰਾਗ ਵਿਚ ਵੀ ਇਕੋ ਜਿਹੀ ਤਰਤੀਬ ਨਾਲ ਸਜੀ ਹੋਈ ਹੈ। ਕਿਤੇ ਕੋਈ ਵਿਖਰੇਵਾਂ ਨਹੀਂ। ਹਰ ਸ਼ਬਦ ਨੂੰ ਉਸ ਰਾਗ ਵਿਚ ਅਮਲੀ ਤੌਰ ਤੇ ਗਾਇਆ ਜਾ ਸਕਦਾ ਹੈ। ਸੰਸਾਰ ਪੱਧਰ ਤੇ ਰਾਗ ਦੀ ਸੂਝ ਨਾਲ ਭਰੀ ਐਸੀ ਦੂਜੀ ਰਾਗਮਈ ਸਿਰਜਣਾ ਵੀ ਕਿਤੇ ਨਹੀਂ ਮਿਲਦੀ।

ਇਹ ਤਾਂ ਸੀ ਬਾਹਰੀ ਰਚਨਾ ਦੀ ਇਕਸੁਰਤਾ ਦੀ ਗੱਲ ਅਤੇ ਅੰਦਰੂਨੀ ਤੌਰ ਤੇ ਤਾਂ ਇਹ ਆਤਮਕ ਗਿਆਨ ਦਾ ਭੰਡਾਰ ਲਾਸਾਨੀ ਹੀ ਹੈ। ਜੁਗਾਂ-ਜੁਗਾਂ ਤੱਕ ਲਾਸਾਨੀ ਹੀ ਰਹੇਗਾ। ਜਦੋਂ ਵੀ ਕਿਸੇ ਨੇ ਪਰਮਾਤਮਾ ਦੇ ਸੱਚ ਨੂੰ ਪਾ ਲਿਆ, ਉਸਨੂੰ ਆਪਣੇ ਸ਼ਬਦਾਂ ਦੀ ਪ੍ਰੋੜਤਾ ਲਈ ਕਥਨ ਗੁਰੂ ਗ੍ਰੰਥ ਸਾਹਿਬ ਦਿੰਦੇ ਰਹਿਣਗੇ। ਸਾਰੀ ਮਨੁੱਖਤਾ ਦੇ ਸਾਂਝੇ ਇਸ਼ਟ ੴ ਤੋਂ ਸ਼ੁਰੂ ਹੋਏ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਨਾਲ ਅਭੇਦਤਾ ਅਤੇ ਇਸ ਲਈ ਗੁਰੂ ਦੀ ਸ਼ਰਣ ਫੜਨ ਤੇ ਜ਼ੋਰ ਹੈ। ''ਗੋਬਿਦ ਮਿਲਣ'' ਦੇ ਉਦੇਸ਼ ਦੀ ਪ੍ਰਾਪਤੀ ਲਈ ''ਨਿਰਮਲ ਕਰਮ'' ਅਤੇ ਪਰਮਾਤਮਾ ਦਾ ਨਾਮ ਜਪਣ ਦਾ ਰਾਹ ਹੀ ਵਿਖਾਇਆ ਗਿਆ ਹੈ। ਹਰ ਫਿਰਕੇ ਵਿਚ ਫੈਲੇ ਝੂਠੇ ਕਰਮਕਾਂਡਾਂ ਅਤੇ ਵਹਿਮਾਂ-ਪਾਖੰਡਾਂ ਤੋਂ ਦੂਰ ਰਹਿਣ ਦੀ ਸਿੱਖਿਆ ਹੈ। ਸਾਰੀ ਮਨੁੱਖ ਜਾਤੀ ਨਾਲ ਪਿਆਰ ਅਤੇ ਉੱਚ ਸਦਾਚਾਰਕਜੀਵਨ ਦੀ ਸਿੱਖਿਆ ਹੈ। ਹਰ ਜੀਵ ਵਿਚ ਪਰਮਾਤਮਾ ਦੀ ਹੋਂਦ ਨੂੰ ਇਕੋ ਜਿਹਾ ਸਮਝਾਦਿਆਂ ਜੀਵਨ

ਦੇ ਹਰ ਕੰਮ ਨੂੰ ਪਰਮਾਤਮਾ ਦਾ ਕੰਮ ਸਮਝਦਿਆਂ ਕਰਨ ਦੀ ਸਿੱਖਿਆ ਹੈ 'ਤੇ ਫਿਰ ਜੀਵਨ ਫਲਸਫੇ ਨਾਲ ਭਰਪੂਰ ਆਦਿ ਗ੍ਰੰਥ ਸਾਹਿਬ ਨੂੰ ਜਦੋਂ ਦਸਮ ਪਾਤਸ਼ਾਹ ''ਗੁਰੂ ਗ੍ਰੰਥ ਸਾਹਿਬ'' ਦਾ ਰੂਪ ਦੇ ਕੇ ਖੁੱਦ ਮੱਥਾ ਟੇਕਦਿਆਂ ਇਸ ਨੂੰ ਸਮੁੱਚੀ ਮਨੁੱਖਤਾ ਦਾ ਗੁਰੂ ਆਖ ਵਡਿਆਉਂਦੇ ਹਨ, ਤਾਂ ਸਮੁੱਚੀ ਗੁਰੂ ਜੋਤ ਨੂੰ ਹੀ 'ਆਤਮਾ ਗ੍ਰੰਥ ਵਿਚ' ਕਹਿ ਕੇ ਸਤਿਕਾਰਦੇ ਹਨ। ਕੋਈ ਵੀ ਮਨੁੱਖ ਪੂਰੇ ਧਿਆਨ ਨਾਲ ਇਸ 'ਧੁਰ ਕੀ ਬਾਣੀ' ਦਾ ਅਧਿਐਨ ਕਰੇ, ਤਾਂ ਉਹ ਮਨੁੱਖ ਹੋਣ ਦੀ ਮੰਜ਼ਿਲ ਦਾ ਹੱਕਦਾਰ ਹੋ ਜਾਂਦਾ ਹੈ। ਪਰਮਾਤਮਾ ਦੀ ਉਸ ਨੂੰ ਸਮਝ ਆ ਜਾਂਦੀ ਹੈ। ਜੀਵਨ ਚੰਗਾ, ਸੁਖਾਲਾ ਹੋ ਜਾਂਦਾ ਹੈ। ਆਲਾ-ਦੁਆਲਾ ਮਹਿਕਣ ਲੱਗ ਪੈਂਦਾ ਹੈ। ਸੁਭਾਅ ਦੀ ਮਿਠਾਸ ਹਰੇਕ ਨੂੰ ਕੀਲ ਲੈਂਦੀ ਹੈ। ਇਹ ਸਦਾ ਸਦ ਜਾਗਤ ਗੁਰੂ ਕਿਸੇ ਲਈ ਵੀ ਆਪਣਾ ਦਰਵਾਜ਼ਾ ਬੰਦ ਨਹੀਂ ਕਰਦੇ। ਦੇਸ਼ ਕਾਲ ਦੀਆਂ ਹੱਦਾਂ 'ਗੁਰੂ ਗ੍ਰੰਥ ਸਾਹਿਬ' ਨੂੰ ਬੰਨ੍ਹ ਨਹੀਂ ਸਕਦੀਆਂ। ਸਮੁੱਚੇ ਸੰਸਾਰ ਵਿਚ ਇਕੋ ਸਮੇਂ ਇਹ ਹਰ ਥਾਂ ਅਗਵਾਈ ਬਖਸ਼ ਸਕਣ ਦੇ ਸਮਰੱਥ ਹਨ। ਕਿਸੇ ਨੂੰ ਜੀਵਨ ਦੇ ਕਿਸੇ ਵੀ ਪੱਖ ਦਾ ਗਿਆਨ ਲੋੜੀਂਦਾ ਹੋਵੇ,ਉਸ ਨੂੰ ਉਸੇ ਪੱਖ ਦਾ ਗਿਆਨ ਦੇਣ ਦੇ ਸਮਰੱਥ ਹਨ। ਕਿਸੇ ਵੀ ਸਰੀਰਧਾਰੀ ਗੁਰੂ ਕੋਲ ਅਜਿਹੀ ਸਮਰੱਥਾ ਬਾਰੇ ਕਿਆਸ ਕਰ ਸਕਣਾ ਵੀ ਅਗਿਆਨਤਾ ਹੀ ਹੋਵੇਗੀ।

ਇਸ ਗਿਆਨ ਸਮੁੰਦਰ ਨੂੰ ਜਦੋਂ ਵੀ ਕਿਸੇ ਨੇ ਗਹਿਰੇ ਧਿਆਨ ਦੀ ਮਧਾਣੀ ਨਾਲ ਰਿੜਕਿਆ ਹੈ। ਇਸ ਵਿਚੋਂ ਮਾਣਕ-ਮੋਤੀ ਪ੍ਰਾਪਤ ਕੀਤੇ ਹਨ। ਹਰ ਕਿਸੇ ਦੇ ਪ੍ਰਾਪਤ ਕੀਤੇ ਗਿਆਨ ਦੇ ਸ਼ਬਦ ਭਾਵੇਂ ਵੱਖਰੇ ਹੋ ਸਕਦੇ ਹਨ। ਅਨੁਭਵ ਵੱਖਰਾ ਹੋ ਸਕਦਾ ਹੈ, ਪਰ ਸ਼ਬਦਾਂ ਅੰਦਰਲੀ ਸ਼ਰਧਾ ਅਤੇ ਪ੍ਰੇਮ ਇਕੋ ਜਿਹੇ ਹੀ ਹਨ।

ਭਾਰਤ ਦੇ ਸਾਬਾਕਾ ਰਾਸ਼ਟਰਪਤੀ ਅਤੇ ਸੰਸਾਰ ਪ੍ਰਸਿੱਧ ਫ਼ਿਲਾਸਫ਼ਰ ਡਾਕਟਰ ਰਾਧਾ ਕ੍ਰਿਸ਼ਨਨ ਯੂਨੈਸ਼ਕੋ ਵਲੋਂ ਪ੍ਰਕਾਸ਼ਿਤ ਕੀਤੀ ਗਈ ਗੁਰਬਾਣੀ ਦੇ ਪੰਜ ਸੌ ਸ਼ਬਦਾਂ ਦੀ ਪੁਸਤਕ ''ਸਿੱਖਾਂ ਦੀਆਂ ਪਵਿੱਤਰ ਲਿਖਤਾਂ'' ਦੀ ਭੂਮਿਕਾ ਵਿਚ ਲਿਖਦੇ ਹਨ:

''ਗੁਰੂ ਗ੍ਰੰਥ ਸਾਹਿਬ ਦੀਆਂ ਅਟੱਲ ਸਚਿਆਈਆਂ ਅਤੇ ਅਤੁੱਟ ਭਗਤੀ ਦੇ ਸਾਹਮਣੇ ਸਮੁੰਦਰਾਂ ਅਤੇ ਪਹਾੜਾਂ ਦੇ ਸਾਰੇ ਹੱਦ ਬੰਨੇ ਜੋ ਇਕ ਦੇਸ਼ ਨੂੰ ਦੂਜੇ ਨਾਲੋਂ ਵੱਖ ਕਰਦੇ ਹਨ, ਹਟ ਜਾਣਗੇ''

ਪ੍ਰੋਫੈਸਰ ਪੂਰਨ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੀ ਇਕ ਕਵਿਤਾ ਵਿਚ ਇਸ ਤਰ੍ਹਾਂ ਦਾ ਭਾਵ ਲਿਖਦੇ ਹਨ:

''ਅਸੀਂ ਸਾਰਾ ਸੰਸਾਰ ਸੱਚ ਦੀ ਖੋਜ ਲਈ ਢੂੰਡ ਮਾਰਿਆ। ਅਸਾਂ ਇਧਰੋਂ-ਉਧਰੋਂ ਚੰਗੀ ਤੋਂ ਚੰਗੀ ਪਵਿੱਤਰ ਅਰ ਸੋਹਣੀ ਵਸਤੂ ਚੁਣ ਲਿਆਂਦੀ, ਪੁਰਾਣੇ ਪੱਥਰਾਂ ਉੱਤੇ ਉਕਰੇ ਬਚਨ, ਭੋਜ ਪੱਤਰਾਂ ਉੱਤੇ ਲਿਖੇ ਉਤਮ ਵਾਕ ਬੜੇ-ਬੜੇ ਖੋਜੀਆਂ ਤੋਂ ਇਕੱਤਰ ਕੀਤੇ। ਉਸ ਦੇ ਭਾਵ ਨਾਲ ਪੁਰਾਣੇ ਰਿਸ਼ੀਆਂ-ਮੁਨੀਆਂ, ਅਵਤਾਰਾਂ-ਪੈਗੰਬਰਾਂ ਨੇ ਜੋ-ਜੋ ਅਨੁਭਵ ਤੇ ਗਿਆਨ ਦੇ ਮੋਤੀ ਬਖਸ਼ੇ, ਲੱਦੇ ਹੋਏ ਅਸੀਂ ਵਾਪਸ ਮੁੜੇ, ਤਾਂ ਪਤਾ ਲੱਗਾ ਕਿ ਉਹ ਸਾਰਾ ਅਮੋਲਕ ਭੰਡਾਰਾ, ਸੁੱਚੇ ਹੀਰੇ-ਰਤਨਾਂ, ਜਵਾਹਰਾਤ ਦਾ ਖਜ਼ਾਨਾ ਗੁਰੂ ਗ੍ਰੰਥ ਸਾਹਿਬ ਜੀ ਦੀ

ਗੁਰਬਾਣੀ ਅੰਦਰ ਭਰਿਆ ਪਿਆ ਹੈ, ਜਿਸ ਦਾ ਪਾਠ ਅਸੀਂ ਆਪਣੀ ਮਾਤਾ ਜੀ ਤੋਂ ਸੁਣਿਆ ਕਰਦੇ ਸੀ''

ਪੜ੍ਹ ਕੇ ਜੋ ਰਾਏ ਲਿਖੀ ਹੈ, ਉਸ ਵਿਚੋਂ ਕੁੱਝ ਸਤਰਾਂ ਇਸ ਪ੍ਰਕਾਰ ਹਨ:

''ਗੁਰੂ ਗ੍ਰੰਥ ਸਾਹਿਬ ਭਾਵਾਂ ਤੇ ਵਿਚਾਰਾਂ ਦਾ ਮੂਲ ਸੋਮਾ ਹੈ। ਇਸ ਵਿਚ ਮਨੁੱਖ ਦੀ ਰੂਹ ਦੀ ਇਕਲਤਾ ਦਾ ਪ੍ਰਗਟਾਵਾ ਹੈ। ਜੋ ਉਸ ਦੀਆਂ ਧੁਰ ਅੰਦਰ ਦੀਆਂ ਲੋਚਾਵਾਂ ਤੇ ਤਾਘਾਂ ਦਾ, ਉਸਦੀ ਰੱਬ ਵੱਲ ਝੀਣੀ ਪੁਕਾਰ ਦਾ 'ਤੇ ਉਸ ਦੀ ਰੱਬ ਨਾਲ ਇਕ ਸੁਰ ਹੋਣ ਦੀ ਤਰਾਣ ਅਤੇ ਭੁੱਖ ਦਾ। ''

ਮੈਂ ਬਾਕੀ ਮਹਾਨ ਧਰਮਾਂ ਦੀਆਂ ਧਰਮ ਪੁਸਤਕਾਂ ਪੜ੍ਹੀਆਂ ਹਨ, ਪਰ ਮੇਰੇ ਦਿਲ ਅਤੇ ਦਿਮਾਗ ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਗੁਰੂ ਗ੍ਰੰਥ ਸਾਹਿਬ ਜੀ ਨੇ ਪਾਇਆ ਹੈ, ਉਹ ਮੈਨੂੰ ਹੋਰ ਕਿਤੋਂ ਨਹੀਂ ਲੱਭਿਆ। ਗੁਰੂ ਗ੍ਰੰਥ ਸਾਹਿਬ ਜੀ ਦਾ ਅਕਾਰ ਵੱਡਾ ਹੈ, ਪਰ ਉਸ ਵਿਚ ਭਾਵ ਦੀ ਏਕਤਾ ਹੈ 'ਤੇ ਉਸ ਵਿਚੋਂ ਮਨੁੱਖੀ ਦਿਲ ਦੀ ਧੁਰ ਡੂੰਘਾਈ 'ਤੇ ਵਿਸ਼ਾਲਤਾ ਦੀ ਧਾਰ ਪੈਂਦੀ ਹੈ ਜੋ ਰੱਬ ਦੇ ਪਵਿੱਤਰ ਤੋਂ ਪਵਿੱਤਰ ਤੇ ਅਗੰਮ ਤੋਂ ਅਗੰਮ ਚਿਤਰ ਲੈ ਕੇ ਮਨੁੱਖੀ ਸਰੀਰ ਦੀਆਂ ਵਕਤੀ ਲੋੜਾਂ ਤੀਕ ਸਭ ਕੁੱਝ ਨੂੰ ਆਪਣੇ ਕਲਾਵੇ ਵਿਚ ਲਈ ਬੈਠਾ ਹੈ। ''

ਪ੍ਰੋਫੈਸਰ ਆਰਨਲਡ ਟਾਇਨਬੀ ਇੰਗਲੈਂਡ ਦੇ ਮਸ਼ਹੂਰ ਲੇਖਕ ਤੇ ਇਤਿਹਾਸਕਾਰ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

''ਭਾਵੇਂ ਇਨਸਾਨੀ ਧਰਮ ਦਾ ਭਵਿੱਸ਼ ਹਨੇਰੇ ਵਿਚ ਹੈ, ਫਿਰ ਵੀ ਇਕ ਗੱਲ ਵੇਖੀ ਜਾ ਸਕਦੀ ਹੈ, ਉਹ ਇਹ ਹੈ ਕਿ ਮੌਜੂਦਾ ਵੱਡੇ ਮਜ਼ਹਬ ਇਕ ਦੂਜੇ ਉੱਤੇ ਪਹਿਲੇ ਨਾਲੋਂ ਵਧੇਰੇ ਅਸਰ ਪਾਉਣਗੇ, ਕਿਉਂ ਜੋ ਅੱਜ-ਕੱਲ੍ਹ ਦੁਨੀਆਂ ਦੇ ਹਰ ਹਿੱਸੇ ਵਿਚ ਆਵਾਜਾਈ ਦੇ ਸਾਧਨ ਅਤੇ ਲੋਕਾਂ ਦੇ ਆਪਸ ਦੇ ਵਿਚਾਰ ਜਾਂ ਗੱਲਬਾਤ ਵਿਚ ਸਿੱਖ ਧਰਮ ਅਤੇ ਉਸ ਦਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਾਕੀ ਦੁਨੀਆਂ ਨੂੰ ਇਕ ਖਾਸ ਵਡਮੁੱਲੀ ਚੀਜ਼ ਭੇਟ ਕਰੇਗਾ, ਕਿਉਂਕਿ ਇਸ ਦਾ ਖਜ਼ਾਨਾ ਆਤਮਕ ਸ਼ਾਂਤੀ ਦਾ ਅਮੁੱਕ ਸੋਮਾ ਹੈ। ''

ਉਪਰੋਕਤ ਸਾਰੇ ਹੀ ਭਾਵੇਂ ਅਲੱਗ-ਅਲੱਗ ਵਿਅਕਤੀਆਂ ਦੇ ਵਿਚਾਰ ਹਨ, ਪਰ ਸਾਰਿਆਂ ਵਿਚ ਹੀ 'ਗੁਰੂ ਗ੍ਰੰਥ ਸਾਹਿਬ' ਦੇ ਡੂੰਘੇ ਅਧਿਐਨ ਤੋਂ ਪੈਦਾ ਹੋਈ ਭਾਵੁਕ ਇਕਸੁਰਤਾ, ਸ਼ਰਧਾ ਅਤੇ ਪ੍ਰੇਮ ਇਕੋ ਜਿਤਨੇ ਹੀ ਪ੍ਰਬਲ ਹਨ। ਭਾਵੇਂ ਬਾਣੀ ਵਿਚਾਰਣ ਵਾਲੇ ਵਿਰਲੇ ਹਨ, ਪਰ ਜਿਤਨੇ ਵੀ ਹਨ ਅਖੀਰ ਭਾਵਨਾ ਨਾਲ ਭਿੱਜੇ ਹੋਏ ਇਤਨੇ ਇਕਸੁਰ ਹੋ ਜਾਂਦੇ ਹਨ ਕਿ ਅਲੱਗ ਅਲੱਗ ਦੇਖ ਸਕਣਾ ਮੁਸ਼ਕਿਲ ਹੁੰਦਾ ਹੈ। ਗੁਰੂ ਕਰੇ ਤੇ ਸਾਰੀ ਮਨੁੱਖਤਾ ਇਸ ਸ਼ਬਦ ਗੁਰੂ ਤੋਂ ਗਿਆਨ ਲੈ ਕੇ ਇਤਨੀ ਹੀ ਇਕਸੁਰ ਹੋ ਜਾਵੇ। ਕੋਈ ਵੀ ਮਨੁੱਖ ਜਦੋਂ ਬਾਣੀ ਨੂੰ ਧਿਆਨ ਨਾਲ ਪੜ੍ਹਦਾ ਅਤੇ ਵਿਚਾਰਦਾ ਹੈ, ਤਾਂ ਉਸ ਨੂੰ ਬਹੁਤ ਕੁੱਝ ਪ੍ਰਾਪਤ ਹੁੰਦਾ ਹੈ, ਕੁੱਝ ਕੁ ਪ੍ਰਾਪਤੀਆਂ ਹੇਠ ਲਿਖੀਆਂ ਹਨ:

- ਗੁਰਬਾਣੀ ਪ੍ਰਭੂ ਨਾਲ ਪਿਆਰ ਪਾਉਣ ਦਾ ਸਾਧਨ ਹੈ।
- ਗੁਰਬਾਣੀ ਰਾਹੀਂ ਗੁਰੂ ਅਤੇ ਅਕਾਲ ਪੁਰਖ ਨਾਲ ਸੰਪਰਕ ਹੁੰਦਾ ਹੈ।
- ਇਹ ਸਮਝ ਆਉਂਦੀ ਹੈ ਕਿ ਗੁਰਬਾਣੀ ਹੀ ''ਪੂਰਾ ਗੁਰੂ'' ਹੈ।

- ਗੁਰਬਾਣੀ ਅਕਾਲ ਪੁਰਖ ਦਾ ਹੁਕਮ ਦਰਸਾਉਂਦੀ ਹੈ।
- ਗੁਰਬਾਣੀ ਸਾਰੀ ਮਨੁੱਖਤਾ ਦੇ ਇਕ ਅਕਾਲ ਪੁਰਖ ਦੇ ਬੱਚੇ ਹੋਣ ਸਬੰਧੀ ਦਰਸਾਉਂਦੀ ਹੈ।
- ਗੁਰਬਾਣੀ ਰਾਹੀਂ ਹੀ ਧਰਮ ਦੇ ਮੂਲ ਸਿਧਾਂਤਾਂ ਦੀ ਜਾਣਕਾਰੀ ਮਿਲਦੀ ਹੈ।
- ਗੁਰਬਾਣੀ ਦੂਜੇ ਧਰਮਾਂ ਦੀ ਸਹੀ ਜਾਣਕਾਰੀ, ਉਨ੍ਹਾਂ ਦੀ ਵੀਚਾਰਧਾਰਾ ਅਤੇ ਉਨ੍ਹਾਂ ਦੇ ਦਰਸ਼ਨ ਬਾਰੇ ਦਸਦੀ ਹੈ।
- ਦੂਜੇ ਧਰਮਾਂ ਨਾਲ ਤੁਲਨਾਤਮਿਕ ਅਧਿਐਨ ਕਰਨ ਉੱਤੇ ਗੁਰਮਤਿ ਮਾਰਗ ਦੇ ਸਭ ਤੋਂ ਉੱਤਮ ਹੋਣ ਦੀ ਸਮਝ ਆਉਂਦੀ ਹੈ।
- ਮਨੁੱਖਾ ਜਨਮ ਦੀ ਸਫਲਤਾ ਲਈ ਗਿਆਨ ਮਿਲਦਾ ਹੈ।
- ਗੁਰਬਾਣੀ ਰਾਹੀਂ ਸਹੀ ਜੀਵਨ ਜਾਚ ਦੀ ਸੋਝੀ ਮਿਲਦੀ ਹੈ।
- ਗੁਰਬਾਣੀ ਰਾਹੀਂ ਮਨੁੱਖ ਨੂੰ ਆਤਮਕ ਖ਼ੁਰਾਕ ਮਿਲਦੀ ਹੈ।
- ਮਨ ਨੂੰ ਸ਼ਾਂਤੀ ਮਿਲਦੀ ਹੈ।
- ਦੁੱਖਾਂ ਕਲੇਸ਼ਾਂ ਦਾ ਨਾਸ਼ ਕਰਨ ਵਿਚ ਸਹਾਇਤਾ ਮਿਲਦੀ ਹੈ।
- ਕੁਰਹਿਤਾਂ ਅਤੇ ਵਿਕਾਰਾਂ ਤੋਂ ਬਚਾਉਂਦੀ ਹੈ।
- ਗੁਰਬਾਣੀ ਪੜ੍ਹਨ ਨਾਲ ਸਬਰ, ਸੰਤੋਖ ਅਤੇ ਸ਼ਾਂਤੀ ਪ੍ਰਾਪਤੀ ਹੁੰਦੀ ਹੈ।
- ਮਨ ਦੀ ਭਟਕਣਾ ਦੂਰ ਹੁੰਦੀ ਹੈ ਅਤੇ ਭਰਮ-ਭੁਲੇਖੇ ਨਿਕਲ ਜਾਂਦੇ ਹਨ।
- ਗੁਰਬਾਣੀ ਸੰਸਾਰਕ ਅਤੇ ਆਤਮਿਕ ਤੌਰ ਤੇ ਸੱਚ ਦਾ ਵਾਪਾਰ ਕਰਨਾ ਸਿਖਾਉਂਦੀ ਹੈ।
- ਸੰਸਾਰਕ ਅਤੇ ਆਤਮਿਕ ਮਾਣ ਪ੍ਰਾਪਤ ਹੁੰਦਾ ਹੈ।
- ਗੁਰਬਾਣੀ ਰਿਸ਼ਟ-ਪੁਸ਼ਟ, ਸਰੀਰਿਕ ਅਤੇ ਆਤਮਿਕ ਵਿਚਾਰ ਦ੍ਰਿੜ੍ਹ ਕਰਵਾਉਂਦੀ ਹੈ।
- ਗੁਰਬਾਣੀ ਕਰਮਕਾਂਡਾਂ ਤੋਂ ਬਚਾਉਂਦੀ ਹੈ।
- ਗੁਰਬਾਣੀ ਸਹਿਜ ਅਵਸਥਾ ਦੀ ਪ੍ਰਾਪਤੀ ਕਰਾਉਂਦੀ ਹੈ।
- ਗੁਰਬਾਣੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਸਮੱਸਿਆਵਾਂ ਦਾ ਹੱਲ ਦਰਸਾਉਂਦੀ ਹੈ।
- ਗੁਰਬਾਣੀ ਹਲੀਮੀ ਰਾਜ ਦੇ ਪੂਰਨੇ ਪਾਉਂਦੀ ਹੈ। ਆਦਿ, ਆਦਿ...

ਉਪਰੋਕਤ ਪ੍ਰਾਪਤੀਆਂ ਦੀ ਵਿਚਾਰ ਕਰੀਏ, ਤਾਂ ਪਤਾ ਲੱਗਦਾ ਹੈ ਕਿ ਗੁਰਬਾਣੀ ਸਾਨੂੰ ਚੰਗੇ ਮਨੁੱਖ, ਚੰਗੇ ਗੁਰਸਿੱਖ, ਚੰਗੇ ਬੱਚੇ, ਚੰਗੇ ਵਿਦਿਆਰਥੀ, ਚੰਗੇ ਭੈਣ-ਭਰਾ, ਚੰਗੇ ਦੋਸਤ, ਚੰਗੇ ਪਤੀ-ਪਤਨੀ, ਚੰਗੇ ਮਾਂ-ਬਾਪ, ਚੰਗੇ ਉਸਤਾਦ, ਚੰਗੇ ਕਿਸਾਨ, ਚੰਗੇ ਵਾਪਾਰੀ, ਚੰਗੇ ਨੌਕਰ, ਭਾਵ ਸਭ ਕੁੱਝ ਵੱਧ ਤੋਂ ਵੱਧ ਚੰਗੇ ਹੋਣਾ ਹੀ ਸਿਖਾਉਂਦੀ ਹੈ। ਹੈ ਕੋਈ ਐਸਾ ਗੁਰੂ, ਜੋ ਸਾਨੂੰ ਜੀਵਨ ਦੇ ਹਰ ਪੱਖ ਵਿਚ ਇੰਨਾ ਚੰਗਾ ਹੋਣਾ ਸਿਖਾ ਸਕੇ? ਜੁਆਬ ਹੈ ਕਿ ਸਿਰਫ ਤੇ ਸਿਰਫ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਹੀ ਇਤਨੇ ਸਮੱਰਥ

ਹਨ, ਜੋ ਸਾਨੂੰ ਇੰਨੀ ਅਗਵਾਈ ਦੇ ਸਕਦੇ ਹਨ।

-0-

3. ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਇਤਿਹਾਸ

ਗੁਰੂ ਨਾਨਕ ਸਾਹਿਬ ਆਪਣੀ ਬਾਣੀ ਆਪ ਲਿਖਦੇ ਰਹੇ ਤੇ ਇਹ ਬਾਣੀ ਦੀ ਪੋਥੀ ਬਸਤੇ ਵਿਚ ਉਨ੍ਹਾਂ ਕੋਲ ਹੁੰਦੀ ਸੀ। ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਕਰਦੇ ਹਨ:

ਬਾਬਾ ਫਿਰ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।

ਆਸਾ ਹਥਿ ਕਿਤਾਬ ਕਛਿ ਕੂਜਾ ਬਾਗ ਮੁਸੱਲਾ ਧਾਰੀ। ... (ਵਾਰ ੧, ਪਉੜੀ ੩੨)

ਪੁਛਣੁ ਗਲ ਈਮਾਨ ਦੀ ਕਾਜੀ ਮੁੱਲਾਂ ਇਕੱਠੇ ਹੋਈ।

ਪੁਛਨਿ ਫੋਲਿ ਕਿਤਾਬ ਨੂੰ ਹਿੰਦੂ ਵੱਡਾ ਕਿ ਮੁਸਲਮਾਨੋਈ।...(ਵਾਰ ੧, ਪਉੜੀ ੩੩)

ਇਹ ਉਹੀ ਪੋਥੀ ਸੀ, ਉਹਨਾਂ ਨੇ ਆਪਣੀ ਬਾਣੀ ਆਪ ਲਿਖ ਕੇ ਬਣਾਈ ਸੀ ਜਾਂ ਹੋਰ ਭਗਤਾਂ ਦੇ ਸਥਾਨਾਂ ਤੋਂ ਉਨ੍ਹਾਂ ਦੀ ਬਾਣੀ ਉਤਾਰੇ ਕਰਵਾ ਕੇ ਨਾਲ ਲਿਖ ਲਈ ਸੀ। ਗੁਰੂ ਅੰਗਦ ਸਾਹਿਬ ਜੀ ਨੂੰ ਗੁਰਆਈ ਸੌਂਪਣ ਵੇਲ਼ੇ ਇਹੀ ਪੋਥੀ ਉਹਨਾਂ ਨੂੰ ਦੇ ਦਿੱਤੀ ਸੀ, ਜਿਸ ਦੀ ਗਵਾਹੀ ਜਨਮ ਸਾਖੀ ਦੀ ਸਾਖੀ ਨੰਬਰ 57 ਭਰਦੀ ਹੈ:

"ਤਿਤ ਮਹਲਿ ਜੋ ਸਬਦੁ ਹੋਆ ਸੋ ਪੋਥੀ ਗੁਰ ਅੰਗਦ ਜੋਗ ਮਿਲੀ"

ਗੁਰੂ ਨਾਨਕ ਸਾਹਿਬ ਜੀ ਵੱਲੋਂ ਗੁਰਆਈ ਸਮੇਂ ਦਿੱਤੀ ਇਹੀ ਸਭ ਤੋਂ ਜ਼ਰੂਰੀ ਤੇ ਕੀਮਤੀ ਵਸਤੂ ਸੀ। ਜਿਸ ਕਰਕੇ ਗੁਰੂ ਸਾਹਿਬ ਜੀ ਦੇ ਪੁੱਤਰਾਂ ਨੇ ਕਿਹਾ ਕਿ ਸਾਨੂੰ ਕੁੱਝ ਨਹੀਂ ਮਿਲਿਆ ਸਾਡਾ ਕੀ ਹਾਲ ਹੋਵੇਗਾ?

ਇਹੀ ਪੋਥੀ ਦੀ ਬਾਣੀ ਦੇ ਨਾਲ ਗੁਰੂ ਅੰਗਦ ਸਾਹਿਬ ਜੀ ਨੇ ਆਪਣੀ ਬਾਣੀ (63 ਸਲੋਕ) ਨਾਲ ਲਿਖ ਕੇ ਗੁਰਗੱਦੀ ਸੌਂਪਣ ਸਮੇਂ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੀ 'ਤੇ ਗੁਰੂ ਅਮਰਦਾਸ ਸਾਹਿਬ ਜੀ ਨੇ ਆਪਣੀ ਬਾਣੀ ਨਾਲ ਦਰਜ ਕਰਕੇ ਇਹ ਬਾਣੀ ਦਾ ਸੰਗ੍ਰਹਿ ਚੌਥੇ ਪਾਤਸ਼ਾਹ ਜੀ ਨੂੰ ਦਿੱਤਾ। ਯਥਾ:

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ॥ (ਪੰਨਾ ੯੨੩)

ਚੌਥੇ ਪਾਤਸ਼ਾਹ ਜੀ ਨੇ ਗੁਰਗੱਦੀ ਸੌਂਪਣ ਸਮੇਂ ਆਪਣੀ ਬਾਣੀ ਸਮੇਤ ਇਹ ਖਜ਼ਾਨਾ ਪੰਜਵੇਂ ਪਾਤਸ਼ਾਹ ਜੀ ਨੂੰ ਸੌਂਪ ਦਿੱਤਾ, ਜਿਸ ਬਾਰੇ ਉਹਨਾਂ ਉਚੇਚੇ ਤੌਰ ਤੇ ਲਿਖਿਆ:

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ, ਤ ਮੇਰੈ ਮਨਿ ਭਇਆ ਨਿਧਾਨਾ॥...

(ਪੰਨਾ ੧੮੬)

ਇਸ ਦਾ ਪੱਕਾ ਸਬੂਤ ਗੁਰਬਾਣੀ ਦੇ ਅੰਦਰੋਂ ਪ੍ਰਾਪਤ ਹੁੰਦਾ ਹੈ। ਜਦੋਂ ਅਸੀਂ ਗੁਰੂ ਸਾਹਿਬਾਨ ਦੀ ਬਾਣੀ ਨੂੰ ਗਹੁ ਨਾਲ ਦੇਖਦੇ ਹਾਂ ਕਿ ਗੁਰੂ ਸਾਹਿਬ ਜੋ ਸ਼ਬਦ ਜਾਂ ਬਾਣੀ ਲਿਖ ਰਹੇ ਹਨ, ਉਹਨਾਂ ਕੋਲ ਪਹਿਲੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀ ਬਾਣੀ ਮੌਜੂਦ ਹੈ, ਤਾਂ ਹੀ ਉਹਨਾਂ ਦੀਆਂ ਤੁਕਾਂ ਇੰਨ-ਬਿੰਨ ਮਿਲਦੀਆਂ ਹਨ। ਜਿਵੇਂ:

ਨਾਨਕ, ਗੁਰਮੁਖਿ ਨਦਰੀ ਆਇਆ, ਹਰਿ ਇਕੋ ਸੁਘੜੁ ਸੁਜਾਣੀਐ॥

(ਮਾਝ ਮ:੧,੧੩੮)

ਨਾਨਕ, ਗੁਰਮੁਖਿ ਨਦਰੀ ਆਇਆ, ਹਰਿ ਆਤਮ ਰਾਮ ਮੁਰਾਰਿ॥

(ਮਲਾਰ, ਮ:੩, ਪੰਨਾ-੧੧੮੧)

ਨਾਨਕ, ਗੁਰਮਖਿ ਨਦਰੀ ਆਇਆ, ਮੋਹ ਮਾਇਆ ਵਿਛੁੜਿ ਸਭ ਜਾਇ॥

(ਸਲੋਕ ਵਾਰਾਂ ਤੇ ਵਧੀਕ, ਮ:੫, ਪੰਨਾ-੧੪੨੩)

ਭੁਖਿਆ, ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ॥ (ਮ:੧,ਪੰਨਾ-੧)

ਭੁਖਿਆ, ਭੁਖ ਨ ਉਤਰੈ, ਗਲੀ ਭੁਖ ਨ ਜਾਇ॥ (ਮਾਝ, ਮ:੨,ਪੰਨਾ-੧੪੭)

ਚਾਕਰੁ ਲਗੈ ਚਾਕਰੀ, ਜੇ ਚਲੈ ਖਸਮੈ ਭਾਇ॥ (ਆਸਾ, ਮ:੨,ਪੰਨਾ-੪੭੪)

ਚਾਕਰੁ ਲਗੈ ਚਾਕਰੀ, ਨਾਲੇ ਗਾਰਬੁ ਵਾਦੁ॥ (ਆਸਾ, ਮ:੨,ਪੰਨਾ-੪੭੪)

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥

ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ ...

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ (ਮ:੧, ਪੰਨਾ-੧੮੫)

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥ (ਪੰਨਾ-੧੪੬)

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥

ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ (ਪੰਨਾ-੧੪੬)

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ (ਮ:੨,ਪੰਨਾ-੧੪੬)

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥(ਮ:੧,ਪੰਨਾ-੭੯੧)

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥ (ਮ:੨,ਪੰਨਾ-੭੯੧)

ਹਰੇਕ ਗੁਰੂ ਦੇ ਵਾਰਾਂ ਤੋਂ ਵਧ ਰਹੇ ਸਲੋਕ ਵੱਖ-ਵੱਖ ਲਿਖ ਦਿੱਤੇ ਹਨ। ਪਰ ਮਹਲੇ ੧ ਦੇ ਸਲੋਕ ਨੰ. ੨੭ ਨਾਲ ਮਹਲੇ ਤੀਜੇ ਦਾ ਸਲੋਕ ਨੰ. ੨੮ ਰਹਿਣ ਦਿੱਤਾ ਗਿਆ ਹੈ। ਜੋ ਮਹਲੇ ñ ਦੇ ਸਲੋਕ ਪਰਥਾਏ ਉਚਾਰਿਆ ਗਿਆ ਹੈ:

ਮਹਲਾ ੧-ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥੨੭॥

ਮਹਲਾ ੩-ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ॥੨੮॥

(ਪੰਨਾ-੧੪੧੨)

ਆਸਾ ਰਾਗ ਦੇ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਪੱਟੀ ਹੈ 'ਤੇ ਇਸੇ ਰਾਗ ਵਿਚ ਇਸੇ ਨਾਂ ਦੀ ਬਾਣੀ ਗੁਰੂ ਅਮਰਦਾਸ ਜੀ ਦੀ ਵੀ ਹੈ। ਇਨ੍ਹਾਂ ਦੋਹਾਂ ਬਾਣੀਆਂ ਦੇ ਰਹਾਉ ਦੇ ਬੰਦ ਪੜ੍ਹੀਏ, ਤਾਂ ਪ੍ਰਤੱਖ ਦਿਸੇਗਾ ਕਿ ਗੁਰ ਅਮਰਦਾਸ ਜੀ ਦੇ ਕੋਲ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਮੌਜੂਦ ਸੀ:

ਮਨ, ਕਾਹੇ ਭੂਲੇ ਮੂੜ ਮਨਾ॥

ਜਬ ਲੇਖਾ ਦੇਵਹਿ, ਬੀਰਾ ਤਉ ਪੜਿਆ॥ (ਆਸਾ,ਮ:੧, ਪੰਨਾ-੪੩੨)

ਮਨ, ਐਸਾ ਲੇਖਾ ਤੂੰ ਕੀ ਪੜਿਆ॥

ਲੇਖਾ ਦੇਣਾ, ਤੇਰੈ ਸਿਰਿ ਰਹਿਆ॥ (ਆਸਾ, ਮ:੩, ਪੰਨਾ-੪੩੪)

ਇਸੇ ਤਰ੍ਹਾਂ ਦੋਹਾਂ ਗੁਰੂਆਂ ਦੀਆਂ ਅਲਾਹਣੀਆਂ ਨਾਂ ਦੀਆਂ ਬਾਣੀਆਂ ਵੀ ਵਡਹੰਸੁ ਰਾਗ ਵਿਚ ਮੌਜੂਦ ਹਨ। ਇਹ ਸਾਂਝ ਐਵੇਂ ਹੀ ਨਹੀਂ ਬਣੀ, ਰਹਾਉ ਦੇ ਬੰਦ ਵੇਖੋ:

ਸਚੁ ਸਿਰੰਦਾ ਸਚਾ ਜਾਣੀਐ, ਸਚੜਾ ਪਰਵਦਗਾਰੋ॥

(ਵਡਹੰਸੁ,ਮ:੧, ਪੰਨਾ-੫੮੦)

ਸਚੜਾ ਸਾਹਿਬੁ, ਸਬਦਿ ਪਛਾਣੀਐ, ਆਪੇ ਲਏ ਮਿਲਾਏ॥

(ਵਡਹੰਸੁ,ਮ:੩, ਪੰਨਾ-੫੮੨)

ਗੁਰੂ ਨਾਨਕ ਸਾਹਿਬ ਜੀ ਨੇ 19 ਰਾਗਾਂ ਵਿਚ ਬਾਣੀ ਉਚਾਰੀ ਹੈ। ਇਨ੍ਹਾਂ ਵਿਚੋਂ ਦੋ ਤਿਲੰਗ ਤੇ ਤੁਖਾਰੀ ਛੱਡ ਕੇ ਬਾਕੀ ਉਹੀ ੧੭ ਰਾਗਾਂ ਵਿਚ ਗੁਰੂ ਅਮਰਦਾਸ ਜੀ ਨੇ ਬਾਣੀ ਲਿਖੀ ਹੈ। ਇਹ ਅਨੋਖੀ ਸਾਂਝ ਤਾਂ ਬਣੀ ਕਿ ਉਹਨਾਂ ਕੋਲ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਮੌਜੂਦ ਸੀ। ਗੁਰੂ ਨਾਨਕ ਸਾਹਿਬ ਜੀ ਨੇ ਆਪ ਹੀ ਭਗਤਾਂ ਦੀ ਬਾਣੀ ਇਕੱਤਰ ਕੀਤੀ। ਜਿਸ ਦਾ ਸਬੂਤ ਗੁਰਬਾਣੀ ਵਿਚੋਂ ਮਿਲਦਾ ਹੈ, ਯਥਾ:

ਗਾਉ ਗਾਉ ਰੀ ਦੁਲਹਨੀ, ਮੰਗਲਚਾਰਾ॥
ਮੇਰੇ ਗ੍ਰਿਹ ਆਏ, ਰਾਜਾ ਰਾਮ ਭਤਾਰਾ॥ (ਆਸਾ, ਭਗਤ ਕਬੀਰ ਜੀ,੪੮੨)
ਗਾਵਹੁ ਗਾਵਹੁ ਕਾਮਣੀ, ਬਿਬੇਕ ਬੀਚਾਰੁ॥
ਹਮਰੈ ਘਰਿ ਆਇਆ, ਜਗਜੀਵਨੁ ਭਤਾਰੁ॥ (ਆਸਾ, ਮ:੧,੩੫੧)
ਕਾਜੀ ਸੋ, ਜੁ ਕਾਇਆ ਬੀਚਾਰੈ॥
ਕਾਇਆ ਕੀ ਅਗਨਿ , ਬ੍ਰਹਮ ਪਰਜਾਰੈ॥
ਸੁਪਨੈ, ਬਿੰਦੁ ਨ ਦੇਈ ਝਰਨਾ॥
ਤਿਸੁ ਕਾਜੀ ਕਉ, ਜਰਾ ਨ ਮਰਨਾ॥ (ਭੈਰਉ, ਭਗਤ ਕਬੀਰ ਜੀ,੧੧੬੦)
ਸੋ ਪਾਖੰਡੀ, ਜਿ ਕਾਇਆ ਪਖਾਲੇ॥
ਕਾਇਆ ਕੀ ਅਗਨਿ, ਬ੍ਰਹਮੁ ਪਰਜਾਲੇ॥
ਸੁਪਨੈ, ਬਿੰਦੁ ਨ ਦੇਈ ਝਰਣਾ॥
ਤਿਸੁ ਪਾਖੰਡੀ, ਜਰਾ ਨ ਮਰਣਾ॥ (ਰਾਮਕਲੀ, ਮ:੧, ੯੫੩)
ਗੁੜੁ ਕਰਿ ਗਿਆਨੁ, ਧਿਆਨੁ ਕਰਿ ਮਹੂਆ, ਭਉ ਭਾਠੀ, ਮਨ ਧਾਰਾ ॥
ਸੁਖਮਨ ਨਾਰੀ, ਸਹਜ ਸਮਾਨੀ, ਪੀਵੈ ਪੀਵਨਹਾਰਾ ॥੧॥
ਅਉਧੂ, ਮੇਰਾ ਮਨੁ ਮਤਵਾਰਾ ॥
ਉਨਮਦ ਚਢਾ, ਮਦਨ ਰਸੁ ਚਾਖਿਆ, ਤ੍ਰਿਭਵਨ ਭਇਆ ਉਜਿਆਰਾ ॥

(ਰਾਮਕਲੀ, ਭਗਤ ਕਬੀਰ ਜੀ, ੯੬੯)

ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ, ਕਸੁ ਪਾਈਐ ॥
ਭਾਠੀ ਭਵਨੁ, ਪ੍ਰੇਮ ਕਾ ਪੋਚਾ, ਇਤੁ ਰਸਿ, ਅਮਿਉ ਚੁਆਈਐ ॥੧॥
ਬਾਬਾ, ਮਨੁ ਮਤਵਾਰੋ, ਨਾਮ ਰਸੁ ਪੀਵੈ, ਸਹਜ ਰੰਗ ਰਚਿ ਰਹਿਆ ॥

ਅਹਿਨਿਸਿ, ਬਨੀ ਪ੍ਰੇਮ ਲਿਵ ਲਾਗੀ, ਸਬਦੁ ਅਨਾਹਦ ਗਹਿਆ ॥

(ਆਸਾ ਮ:੧, ੩੬੦)

ਮਨੁ ਜੀਤੇ, ਜਗੁ ਜੀਤਿਆ, ਜਾਂ ਤੇ, ਬਿਖਿਆ ਤੇ ਹੋਇ ਉਦਾਸੁ॥

(ਮਾਰੂ, ਭਗਤ ਕਬੀਰ ਜੀ, ੧੧੦੩

ਆਈ ਪੰਥੀ, ਸਗਲ ਜਮਾਤੀ, ਮਨਿ ਜੀਤੈ, ਜਗੁ ਜੀਤੁ॥ (ਮ:੧, ਪੰਨਾ-੬)
ਨਾਰੀ ਤੇ, ਜੋ ਪੁਰਖੁ ਕਰਾਵੈ, ਪੁਰਖਨੁ ਤੇ, ਜੋ ਨਾਰੀ॥
ਕਹੁ ਕਬੀਰ, ਸਾਧੂ ਕੋ ਪ੍ਰੀਤਮੁ, ਤਿਸੁ ਮੂਰਤਿ ਬਲਿਹਾਰੀ॥

(ਸਾਰੰਗ, ਭਗਤ ਕਬੀਰ ਜੀ, ੧੨੫੨)

ਪੁਰਖੁ ਮਹਿ ਨਾਰਿ, ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮ ਗਿਆਨੀ॥
ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ, ਗੁਰਮੁਖਿ ਅਕਥ ਕਹਾਨੀ॥

(ਰਾਮਕਲੀ, ਮ:੧, ੮੭੯)

ਕਬੀਰ, ਮੁਕਤਿ ਦੁਆਰਾ ਸੰਕੁਰਾ, ਰਾਈ ਦਸਏਂ ਭਾਇ ॥
ਮਨੁ ਤਉ ਮੈਗਲੁ ਹੋਇ ਰਹਿਓ, ਨਿਕਸੋ ਕਿਉ ਕੈ ਜਾਇ ॥੫੮॥
ਕਬੀਰ, ਐਸਾ ਸਤਿਗੁਰੁ ਜੇ ਮਿਲੈ, ਤੁਠਾ ਕਰੇ ਪਸਾਉ ॥
ਮੁਕਤਿ ਦੁਆਰਾ ਮੋਕਲਾ, ਸਹਜੇ ਆਵਉ ਜਾਉ ॥੫੯॥

(ਸਲੋਕ,ਭਗਤ ਕਬੀਰ ਜੀ, ੧੩੬੭)

ਨਾਨਕ, ਮੁਕਤਿ ਦੁਆਰਾ ਅਤਿ ਨੀਕਾ, ਨਾਨ੍ਹਾ ਹੋਇ ਸੁ ਜਾਇ ॥
ਹਉਮੈ ਮਨੁ ਅਸਥੂਲੁ ਹੈ, ਕਿਉ ਕਰਿ ਵਿਚੁ ਦੇ ਜਾਇ ॥
ਸਤਿਗੁਰ ਮਿਲਿਐ, ਹਉਮੈ ਗਈ, ਜੋਤਿ ਰਹੀ ਸਭ ਆਇ ॥
ਇਹੁ ਜੀਉ ਸਦਾ ਮੁਕਤੁ ਹੈ, ਸਹਜੇ ਰਹਿਆ ਸਮਾਇ ॥

(ਗੂਜਰੀ ਕੀ ਵਾਰ, ਮ:੩, ੫੧੦)

ਕਬੀਰ, ਮਰਤਾ ਮਰਤਾ ਜਗੁ ਮੂਆ, ਮਰਿ ਭੀ ਨ ਜਾਨਿਆ ਕੋਇ॥
ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਣਾ ਹੋਇ॥

(ਸਲੋਕ ਭਗਤ ਕਬੀਰ ਜੀ, ੧੩੬੬)

ਕਿਆ ਜਾਣਾ, ਕਿਵ ਮਰਹਗੇ, ਕੈਸਾ ਮਰਣਾ ਹੋਇ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ, ਤਾ ਸਹਿਲਾ ਮਰਣਾ ਹੋਇ॥
ਮਰਣੈ ਤੇ ਜਗਤੁ ਡਰੈ, ਜੀਵਿਆ ਲੋੜੈ ਸਭੁ ਕੋਇ॥
ਗੁਰ ਪਰਸਾਦੀ, ਜੀਵਤੁ ਮਰੈ, ਹੁਕਮੈ ਬੂਝੈ ਸੋਇ॥
ਨਾਨਕ, ਐਸੀ ਮਰਨੀ ਜੋ ਮਰੈ, ਤਾ ਸਦ ਜੀਵਣੁ ਹੋਇ॥

(ਬਿਹਾਗੜਾ, ਮ:੩, ੫੫੫)

ਐਸੀ ਮਰਨੀ ਜੋ ਮਰੈ, ਬਹੁਰਿ ਨ ਮਰਨਾ ਹੋਇ॥

(ਬਿਹਾਗੜਾ,ਭਗਤ ਕਬੀਰ, ੫੫੫)

ਕਬੀਰ, ਮਹਿਦੀ ਕਰਿ ਕੈ ਘਾਲਿਆ, ਆਪੁ ਪੀਸਾਇ ਪੀਸਾਇ ॥
ਤੈ ਸਹ ਬਾਤ ਨ ਪੁਛੀਆ, ਕਬਹੂ ਨ ਲਾਈ ਪਾਇ ॥
(ਰਾਮਕਲੀ, ਕਬੀਰ, ੯੪੭)

ਨਾਨਕ, ਮਹਿਦੀ ਕਰਿ ਕੈ ਰਖਿਆ, ਸੋ ਸਹੁ ਨਦਰਿ ਕਰੇਇ ॥
ਆਪੇ ਪੀਸੈ, ਆਪੇ ਘਸੈ, ਆਪੇ ਹੀ ਲਾਇ ਲਏਇ ॥
ਇਹੁ ਪਿਰਮ ਪਿਆਲਾ ਖਸਮ ਕਾ, ਜੈ ਭਾਵੈ, ਤੈ ਦੇਇ ॥
(ਰਾਮਕਲੀ, ਮ:੩,੯੪੭)

ਸਤਗੁਰਿ ਮਿਲਿਐ, ਤ੍ਰਿਕੁਟੀ ਛੁਟੈ, ਚਉਥੈ ਪਦਿ ਮੁਕਤਿ ਦੁਆਰੁ ॥
(ਸਿਰੀਰਾਗੁ, ਮ:੩, ੩੩)

ਗੁਰ ਪਰਸਾਦੀ, ਤ੍ਰਿਕੁਟੀ ਛੂਟੈ, ਚਉਥੈ ਪਦਿ, ਲਿਵ ਲਾਈ ॥
(ਰਾਮਕਲੀ, ਮ:੩, ੯੦੯)

ਜਿਸੁ ਛੂਟੈ ਤ੍ਰਿਕੁਟੀ, ਤਿਸੁ ਨਿਜ ਘਰਿ ਵਾਸਾ ॥ (ਆਸਾ, ਮ:੫, ੩੭੪)

ਜਿਉ, ਕਾਜਰ ਭਰਿ ਮੰਦਰੁ ਰਾਖਿਓ, ਜੋ ਪੈਸੈ ਕਾਲੂਖੀ ਰੇ ॥
ਦੂਰਹੁ ਹੀ ਤੇ ਭਾਗਿ ਗਇਓ ਹੈ, ਜਿਸੁ, ਗੁਰ ਮਿਲਿ ਛੂਟਕੀ ਤ੍ਰਿਕੁਟੀ ਰੇ ॥
(ਦੇਵਗੰਧਾਰੀ, ਮ:੫, ੫੩੫)

ਮਾਥੈ ਤ੍ਰਿਕੁਟੀ, ਦ੍ਰਿਸਟਿ ਕਰੂਰਿ ॥ ਬੋਲੈ ਕਉੜਾ, ਜਿਹਬਾ ਕੀ ਫੂੜਿ ॥
ਸਦਾ ਭੂਖੀ, ਪਿਰੁ ਜਾਨੈ ਦੂਰਿ ॥੧॥
ਐਸੀ ਇਸਤ੍ਰੀ, ਇਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ, ਹਮ ਗੁਰਿ ਰਾਖੇ ਮੇਰੇ ਭਾਈ ॥
(ਆਸਾ, ਮ:੫, ੩੯੪)

ਮੈ ਬਉਰੀ, ਮੇਰਾ ਰਾਮੁ ਭਤਾਰੁ ॥
ਰਚਿ ਰਚਿ, ਤਾ ਕਉ ਕਰਉ ਸਿੰਗਾਰੁ ॥੧॥
ਭਲੇ ਨਿੰਦਉ, ਭਲੇ ਨਿੰਦਉ, ਭਲੇ ਨਿੰਦਉ ਲੋਗੁ ॥
ਤਨੁ ਮਨੁ, ਰਾਮ ਪਿਆਰੇ ਜੋਗੁ ॥੧॥
ਬਾਦੁ ਬਿਬਾਦੁ, ਕਾਹੂ ਸਿਉ ਨ ਕੀਜੈ ॥
ਰਸਨਾ, ਰਾਮ ਰਸਾਇਨੁ ਪੀਜੈ ॥੨॥
ਅਬ, ਜੀਅ ਜਾਨਿ ਐਸੀ ਬਨਿ ਆਈ ॥
ਮਿਲਉ ਗੁਪਾਲ, ਨੀਸਾਨੁ ਬਜਾਈ ॥੩॥
ਉਸਤਤਿ ਨਿੰਦਾ, ਕਰੈ ਨਰੁ ਕੋਈ ॥
ਨਾਮੇ, ਸ੍ਰੀਰੰਗੁ ਭੇਟਲ ਸੋਈ ॥੪॥ (ਭੈਰਉ, ਭਗਤ ਨਾਮਦੇਵ ਜੀ, ੧੧੬੪)

ਮੈ ਕਾਮਣਿ, ਮੇਰਾ ਕੰਤੁ ਕਰਤਾਰੁ ॥
ਜੇਹਾ ਕਰਾਏ, ਤੇਹਾ ਕਰੀ ਸੀਗਾਰੁ ॥੧॥

ਜਾਂ ਤਿਸੁ ਭਾਵੈ, ਤਾਂ ਕਰੇ ਭੋਗੁ ॥
ਤਨੁ ਮਨੁ, ਸਾਚੇ ਸਾਹਿਬ ਜੋਗੁ ॥੧॥ ਰਹਾਉ ॥
ਉਸਤਤਿ ਨਿੰਦਾ, ਕਰੇ ਕਿਆ ਕੋਈ ॥
ਜਾਂ, ਆਪੇ ਵਰਤੈ ਏਕੋ ਸੋਈ ॥੨॥
ਗੁਰ ਪਰਸਾਦੀ, ਪਿਰਮ ਕਸਾਈ ॥
ਮਿਲਉਗੀ ਦਇਆਲ, ਪੰਚ ਸਬਦ ਵਜਾਈ ॥੩॥
ਭਨਤਿ ਨਾਨਕੁ, ਕਰੇ ਕਿਆ ਕੋਇ ॥
ਜਿਸ ਨੋ, ਆਪਿ ਮਿਲਾਵੈ ਸੋਇ ॥੪॥
(ਭੈਰਉ,ਮ:੩, ੧੧੨੯)

ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ, ਹਮ ਹੀ ਪਚਿ ਹਾਰੇ ॥
ਰਾਮੁ ਕਹੈ, ਕਰ ਤਾਲ ਬਜਾਵੈ, ਚਟੀਆ ਸਭੈ ਬਿਗਾਰੇ ॥
ਰਾਮ ਨਾਮਾ ਜਪਿਬੋ ਕਰੈ ॥ ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥ਰਹਾਉ ॥
ਬਸੁਧਾ ਬਸਿ ਕੀਨੀ ਸਭ ਰਾਜੇ, ਬਿਨਤੀ ਕਰੈ ਪਟਰਾਨੀ ॥
ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ, ਤਿਨਿ ਤਉ ਅਉਰੈ ਠਾਨੀ ॥
ਦੁਸਟ ਸਭਾ ਮਿਲਿ, ਮੰਤਰ ਉਪਾਇਆ, ਕਰਸਹ ਅਉਧ ਘਨੇਰੀ ॥
ਗਿਰਿ, ਤਰ, ਜਲੁ, ਜੁਆਲਾ, ਭੈ ਰਾਖਿਓ, ਰਾਜਾ ਰਾਮਿ, ਮਾਇਆ ਫੇਰੀ॥
ਕਾਢਿ ਖੜਗੁ ਕਾਲੁ, ਭੈ ਕੋਪਿਓ, ਮੋਹਿ ਬਤਾਉ ਜੁ ਤੁਹਿ ਰਾਖੈ ॥
ਪੀਤ ਪੀਤਾਂਬਰ, ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ ॥੪॥
ਹਰਨਾਖਸੁ, ਜਿਨਿ, ਨਖਹ ਬਿਦਾਰਿਓ, ਸੁਰਿ ਨਰ ਕੀਏ ਸਨਾਥਾ ॥
ਕਹਿ ਨਾਮਦੇਉ, ਹਮ ਨਰਹਰਿ ਧਿਆਵਹ, ਰਾਮੁ ਅਭੈ ਪਦ ਦਾਤਾ ॥੫॥
(ਭੈਰਉ, ਭਗਤ ਨਾਮਦੇਵ ਜੀ, ੧੧੬੫)

ਸੰਡਾ ਮਰਕਾ ਸਭਿ ਜਾਇ ਪੁਕਾਰੇ ॥
ਪ੍ਰਹਿਲਾਦੁ ਆਪਿ ਵਿਗੜਿਆ, ਸਭਿ ਚਾਟੜੇ ਵਿਗਾੜੇ ॥
ਦੁਸਟ ਸਭਾ ਮਹਿ, ਮੰਤ੍ਰੁ ਪਕਾਇਆ ॥
ਪ੍ਰਹਲਾਦ ਕਾ ਰਾਖਾ ਹੋਇ, ਰਘੁਰਾਇਆ ॥
ਹਾਥਿ ਖੜਗੁ ਕਰਿ ਧਾਇਆ, ਅਤਿ ਅਹੰਕਾਰਿ ॥
ਹਰਿ ਤੇਰਾ ਕਹਾ, ਤੁਝੁ ਲਏ ਉਬਾਰਿ ॥
ਖਿਨ ਮਹਿ ਭੈਆਨ ਰੂਪੁ, ਨਿਕਸਿਆ ਥੰਮ੍ ਉਪਾੜਿ ॥
ਹਰਣਾਖਸੁ ਨਖੀ ਬਿਦਾਰਿਆ, ਪ੍ਰਹਲਾਦੁ ਲੀਆ ਉਬਾਰਿ ॥
ਸੰਤ ਜਨਾ ਕੇ, ਹਰਿ ਜੀਉ ਕਾਰਜ ਸਵਾਰੇ ॥
ਪ੍ਰਹਲਾਦ ਜਨ ਕੇ, ਇਕੀਹ ਕੁਲ ਉਧਾਰੇ ॥

ਗੁਰ ਕੈ ਸਬਦਿ, ਹਉਮੈ ਬਿਖੁ ਮਾਰੇ ॥
ਨਾਨਕ, ਰਾਮ ਨਾਮਿ, ਸੰਤ ਨਿਸਤਾਰੇ ॥ (ਭੈਰਉ, ਮ:੩,੧੧੩੩)
ਕਹੁ ਬੇਣੀ, ਗੁਰਮੁਖਿ, ਧਿਆਵੈ ॥
ਬਿਨੁ ਸਤਿਗੁਰ, ਬਾਟ ਨ ਪਾਵੈ ॥ (ਪ੍ਰਭਾਤੀ, ਭਗਤ ਬੇਣੀ ਜੀ, ੧੩੫੧)
ਕਹੁ ਨਾਨਕ, ਨਿਹਚਉ ਧਿਆਵੈ ॥ ਵਿਣੁ ਸਤਿਗੁਰ, ਵਾਟ ਨ ਪਾਵੈ ॥
(ਆਸਾ, ਮ:੧, ੪੭੦)

ਤਨੁ ਤਪੈ, ਤਨੂਰ ਜਿਉ, ਬਾਲਣੁ ਹਡ ਬਲੰਨ੍ਹਿ ॥
ਪੈਰੀ ਥਕਾਂ, ਸਿਰਿ ਜੁਲਾਂ, ਜੇ ਮੂੰ ਪਿਰੀ ਮਿਲੰਨ੍ਹਿ॥
(ਸਲੋਕ, ਸੇਖ ਫਰੀਦ ਜੀ, ੧੩੮੪)

ਤਨੁ ਨ ਤਪਾਇ, ਤਨੂਰ ਜਿਉ, ਬਾਲਣੁ ਹਡ ਨ ਬਾਲਿ ॥
ਸਿਰਿ ਪੈਰੀ ਕਿਆ ਫੇੜਿਆ, ਅੰਦਰਿ ਪਿਰੀ ਸਮ੍ਹਾਲਿ॥
(ਸਲੋਕ ਵਾਰਾਂ ਤੇ ਵਧੀਕ, ਮ:੧,੧੪੧੧)

ਫਰੀਦਾ, ਰਤੀ ਰਤੁ ਨ ਨਿਕਲੈ, ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ, ਤਿਨ ਤਨਿ, ਰਤੁ ਨ ਹੋਇ ॥
(ਸੇਖ ਫਰੀਦ ਜੀ, ੩੮੦)

ਇਹੁ ਤਨੁ ਸਭੋ ਰਤੁ ਹੈ, ਰਤੁ ਬਿਨੁ, ਤੰਨੁ ਨ ਹੋਇ ॥
ਜੋ ਸਹ ਰਤੇ ਆਪਣੇ, ਤਿਤੁ ਤਨਿ, ਲੋਭੁ ਰਤੁ ਨ ਹੋਇ ॥
ਭੈ ਪਇਐ, ਤਨੁ ਖੀਣੁ ਹੋਇ, ਲੋਭੁ ਰਤੁ ਵਿਚਹੁ ਜਾਇ ॥
ਜਿਉ, ਬੈਸੰਤਰਿ ਧਾਤੁ ਸੁਧੁ ਹੋਇ, ਤਿਉ, ਹਰਿ ਕਾ ਭਉ,
ਦੁਰਮਤਿ ਮੈਲੁ ਗਵਾਇ॥
ਨਾਨਕ, ਤੇ ਜਨ ਸੋਹਣੇ, ਜਿ ਰਤੇ ਹਰਿ ਰੰਗੁ ਲਾਇ ॥
(ਸਲੋਕ,ਮ:੩,੧੩੮੦)

ਫਰੀਦਾ, ਕਾਲੀਂ ਜਿਨੀ ਨ ਰਾਵਿਆ, ਧਉਲੀ ਰਾਵੈ ਕੋਇ ॥
ਕਰਿ ਸਾਂਈ ਸਿਉ ਪਿਰਹੜੀ, ਰੰਗੁ ਨਵੇਲਾ ਹੋਇ ॥
(ਸਲੋਕ,ਸੇਖ ਫਰੀਦ ਜੀ, ੧੩੭੮)

ਫਰੀਦਾ, ਕਾਲੀ ਧਉਲੀ ਸਾਹਿਬੁ ਸਦਾ ਹੈ, ਜੇ ਕੋ ਚਿਤਿ ਕਰੇ ॥
ਆਪਣਾ ਲਾਇਆ, ਪਿਰਮੁ ਨ ਲਗਈ, ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ, ਜੈ ਭਾਵੈ, ਤੈ ਦੇਇ ॥
(ਸਲੋਕ, ਮ:੩, ੧੩੭੮)

ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥...

ਕਹੈ ਫਰੀਦੁ ਸਹੇਲੀਹੋ, ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥
(ਸੂਹੀ ਲਲਿਤ, ਸੇਖ ਫਰੀਦ ਜੀ, ੭੯੪)

ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ, ਨਾ ਊਛਲੈ, ਐਸਾ ਪੰਥੁ ਸੁਹੇਲਾ॥...
ਨਾਨਕੁ ਕਹੈ ਸਹੇਲੀਹੋ, ਸਹੁ ਖਰਾ ਪਿਆਰਾ ॥
ਹਮ ਸਹ ਕੇਰੀਆ ਦਾਸੀਆ, ਸਾਚਾ ਖਸਮੁ ਹਮਾਰਾ ॥ (ਸੂਹੀ, ਮ:੧, ੭੨੯)

ਡੂੰਘੀ ਸਾਂਝ ਦੀਆਂ ਇਹ ਵੰਨਗੀ ਮਾਤ੍ਰ ਮਿਸਾਲਾਂ ਵੇਖ ਕੇ ਕੋਈ ਸ਼ਕ ਨਹੀਂ ਰਹਿ ਜਾਂਦਾ ਕਿ ਹਰ ਗੁਰ ਵਿਅਕਤੀ ਗੁਰਗੱਦੀ ਦੀ ਸੌਂਪਣਾ ਸਮੇਂ ਪੋਥੀ ਸਾਹਿਬ ਆਪਣੇ ਉਤਰਾਧਿਕਾਰੀ ਨੂੰ ਬਖਸ਼ਦੇ ਰਹੇ ਹਨ 'ਤੇ ਪੰਜਵੇਂ ਪਾਤਸ਼ਾਹ ਨੇ ਸਾਰੀ ਪੋਥੀ ਸਾਹਿਬ ਨੂੰ ਆਪਣੇ ਵੱਲੋਂ ਯੋਗ ਅਸਥਾਨ ਤੇ ਸੰਪਾਦਨ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਵਾਇਆ।

-0-

4. ਸਲੋਕੁ ਮਹਲਾ ੩॥ (ਪੰਨਾ-੫੧੫)

ਵਾਹੁ ਵਾਹੁ, ਬਾਣੀ ਨਿਰੰਕਾਰ ਹੈ, ਤਿਸੁ ਜੇਵਡੁ, ਅਵਰੁ ਨ ਕੋਇ॥
ਵਾਹੁ ਵਾਹੁ, ਅਗਮ ਅਥਾਹੁ ਹੈ, ਵਾਹੁ ਵਾਹੁ ਸਚਾ ਸੋਇ॥
ਵਾਹੁ ਵਾਹੁ, ਵੇਪਰਵਾਹੁ ਹੈ, ਵਾਹੁ ਵਾਹੁ ਕਰੇ ਸੁ ਹੋਇ॥
ਵਾਹੁ ਵਾਹੁ, ਅੰਮ੍ਰਿਤ ਨਾਮੁ ਹੈ, ਗੁਰਮੁਖਿ, ਪਾਵੈ ਕੋਇ॥
ਵਾਹੁ ਵਾਹੁ, ਕਰਮੀ ਪਾਈਐ, ਆਪਿ ਦਇਆ ਕਰਿ ਦੇਇ॥
ਨਾਨਕ, ਵਾਹੁ ਵਾਹੁ, ਗੁਰਮੁਖਿ, ਪਾਈਐ, ਅਨਦਿਨੁ ਨਾਮੁ ਲਏਇ ॥੧॥

ਉਚਾਰਣ ਸੇਧਾਂ: ਵਾਹੁ-ਇਸਦਾ ਉਚਾਰਣ "ਵਾਹੋ", ਨਹੀਂ ਕਰਨਾ "ਵਾਹ" ਕਰਨਾ ਹੈ।

ਪਦ ਅਰਥ: ਕਰਮੀ-ਬਖਸ਼ਿਸ਼।

ਭੂਮਿਕਾ: ਇਸ ਸ਼ਬਦ ਵਿਚ ਗੁਰੂ ਅਮਰਦਾਸ ਜੀ ਅਗਮ, ਅਥਾਹ, ਵਾਹਿਗੁਰੂ ਜੀ ਦੀ ਸਿਫਤ-ਸਲਾਹ ਵਾਲੀ ਬਾਣੀ ਨੂੰ ਵੀ ਰੱਬ ਰੂਪ ਸਮਝਣ ਲਈ ਪ੍ਰੇਰਦੇ ਹਨ ਅਤੇ ਬਾਣੀ ਦੇ ਸਮਝਣ ਤੇ ਹਿਰਦੇ ਵਿਚ ਵਸਾਉਣ ਨਾਲ ਹੀ ਹਰ ਪਲ ਉਸ ਵਾਹਿਗੁਰੂ ਜੀ ਦੇ ਨਾਮ ਵਿਚ ਜੁੜੇ ਰਹਿਣ ਦਾ ਸਾਧਨ ਬਖਸ਼ਦੇ ਹਨ।

ਭਾਵ ਅਰਥ: ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹ ਜੋ ਵੱਡੀ ਵਡਿਆਈ ਵਾਲਾ ਅਕਾਰ ਰਹਿਤ ਵਾਹਿਗੁਰੂ ਹੈ, ਜਿਸਦੇ ਬਰਾਬਰ ਕੋਈ ਨਹੀਂ ਹੈ, ਉਸ ਨੂੰ ਯਾਦ ਕਰਨ ਵਾਲੀ ਬਾਣੀ ਵੀ ਉਸੇ ਵਾਂਗ ਵੱਡੀ ਵਡਿਆਈ ਵਾਲੀ ਹੈ। ਉਹ ਵਾਹਿਗੁਰੂ ਜਿਸ ਤੱਕ ਪਹੁੰਚਣਾ ਅਸੰਭਵ ਹੈ, ਜਿਸ ਦੀ ਥਾਹ ਕਦੀ ਪਾਈ ਹੀ ਨਹੀਂ ਜਾ ਸਕਦੀ। ਉਹ ਵਾਹਿਗੁਰੂ

ਵੱਡਾ ਬੇਪਰਵਾਹ ਹੈ ਭਾਵ ਉਸ ਨੂੰ ਕਿਸੇ ਦੀ ਵੀ ਮੁਥਾਜੀ ਨਹੀਂ। ਇਸ ਸ੍ਰਿਸ਼ਟੀ ਵਿਚ ਜੋ ਵੀ ਵਾਪਰ ਰਿਹਾ ਹੈ, ਸਭ ਕੁੱਝ ਉਸੇ ਦਾ ਹੀ ਕੀਤਾ ਹੋਇਆ ਹੈ। ਉਸ ਦੀ ਯਾਦ ਵਾਲੀ ਬਾਣੀ, ਉਸ ਦਾ ਨਾਮ ਜੀਵਾਂ ਨੂੰ ਆਤਮਕ ਜੀਵਨ ਦੇਣ ਵਾਲਾ ਹੈ, ਪਰ ਉਸ ਦੇ ਨਾਮ ਦੀ ਪ੍ਰਾਪਤੀ ਜਿਸ ਦਾ ਹਰ ਕਰਮ ਗੁਰੂ ਅਨੁਸਾਰੀ ਹੈ, ਨੂੰ ਹੀ ਹੁੰਦੀ ਹੈ। ਉਸ ਨੂੰ ਯਾਦ ਕਰਨ ਦੀ ਬਿਰਤੀ ਵੀ ਵੱਡੇ ਭਾਗਾਂ ਨਾਲ ਹੀ ਬਣਦੀ ਹੈ ਅਤੇ ਬਣਦੀ ਵੀ ਉਸੇ ਦੀ ਹੈ, ਜਿਸ ਉੱਤੇ ਵਾਹਿਗੁਰੂ ਜੀ ਆਪ ਮਿਹਰ ਕਰ ਦਿੰਦੇ ਹਨ, ਜਦੋਂ ਇਹ ਸੁਭਾਅ ਬਣ ਜਾਏ ਤਾਂ ਫਿਰ ਹਰ ਪਲ, ਬਸ, ਉਸਦੀ ਯਾਦ ਦਾ ਜੀਵਨ ਬਣ ਜਾਂਦਾ ਹੈ।

ਸਾਰੰਸ਼: ਗੁਰੂ ਬਖਸ਼ਿਸ਼ ਸਦਕਾ ਹਰ ਸਮੇਂ ਹਰ ਪਾਸੇ ਵਾਹਿਗੁਰੂ ਜੀ ਹੀ ਨਜ਼ਰ ਆਉਂਦੇ ਹਨ। ਗੁਰੂ ਬਖਸ਼ਿਸ਼ ਸਦਕਾ ਅਕਾਲ ਪੁਰਖ ਜੀ ਦੀ ਬਾਣੀ ਦੀ ਸੂਝ ਪ੍ਰਾਪਤ ਹੁੰਦੀ ਹੈ, ਜਿਸ ਸਦਕਾ ਸਦੀਵ ਕਾਲ ਲਈ ਮਨ ਦਾ ਟਿਕਾਅ ਆ ਜਾਂਦਾ ਹੈ। ਇਸ ਟਿਕਾਅ ਸਦਕਾ ਹੀ ਹਰ ਪਾਸੇ ਵਾਹਿਗੁਰੂ ਜੀ ਨਜ਼ਰ ਆਉਂਦੇ ਹਨ।

-0-

5. ਆਸਾ ਮਹਲਾ ੫॥ (ਪੰਨਾ-੪੦੪)

ਹਮਾਰੀ ਪਿਆਰੀ, ਅੰਮ੍ਰਿਤ ਧਾਰੀ,
ਗੁਰਿ, ਨਿਮਖ ਨ ਮਨ ਤੇ ਟਾਰੀ ਰੇ॥੧॥ ਰਹਾਉ॥
ਦਰਸਨ ਪਰਸਨ ਸਰਸਨ ਹਰਸਨ, ਰੰਗਿ, ਰੰਗੀ ਕਰਤਾਰੀ ਰੇ॥੧॥
ਖਿਨੁ ਰਮ, ਗੁਰ ਗਮ, ਹਰਿ ਦਮ, ਨਹ ਜਮ,
ਹਰਿ, ਕੰਠਿ, ਨਾਨਕ, ਉਰਿ ਹਾਰੀ ਰੇ॥੨॥

ਉਚਾਰਣ ਸੇਧਾਂ: ਦਰਸਨ-ਦਰਸ਼ਨ

ਪਦ ਅਰਥ: ਅੰਮ੍ਰਿਤ ਧਾਰੀ-ਆਤਮਿਕ ਜੀਵਨ ਦੇਣ ਵਾਲੀ। ਨਿਮਖ-ਥੋੜੇ ਸਮੇਂ ਲਈ ਵੀ। ਦਰਸਨ-ਰੱਬ ਦਾ ਗਿਆਨ। ਪਰਸਨ-ਕਰਤਾਰ ਦੇ ਚਰਨਾਂ ਦੀ ਛੋਹ। ਸਰਸਨ-ਆਤਮਿਕ ਖਿੜਾਉ। ਹਰਸਨ-ਅਨੰਦ, ਖੁਸ਼ੀ, ਹਰਖ। ਰਮ-ਚੇਤਾ। ਗਮ-ਪਹੁੰਚ, ਨੇੜੇ। ਹਰ ਦਮ-ਸੁਆਸ ਸੁਆਸ। ਕੰਠਿ-ਗਲੇ ਵਿਚ। ਉਰਿ-ਹਿਰਦੇ ਵਿਚ।

ਭੂਮਿਕਾ: ਪੰਜਵੇਂ ਨਾਨਕ ਜੀ ਇਸ ਸ਼ਬਦ ਰਾਹੀਂ ਗੁਰਬਾਣੀ ਨਾਲ ਆਪਣਾ ਪਿਆਰ ਦਰਸਾ ਰਹੇ ਹਨ ਕਿ ਗੁਰਬਾਣੀ ਦੀ ਬਰਕਤ ਨਾਲ ਹੀ ਮੈਂ ਪ੍ਰਭੂ ਦਾ ਅਨੁਭਵ ਕੀਤਾ ਹੈ। ਬਾਣੀ ਹੀ ਵਿਕਾਰਾਂ ਤੋਂ ਬਚਾਉਂਦੀ ਹੈ। ਗੁਰਬਾਣੀ ਤੋਂ ਇਲਾਵਾ ਮੈਨੂੰ ਵਿਸ਼ੇ ਵਿਕਾਰਾਂ ਤੋਂ ਮੁਕਤ ਹੋਣ ਲਈ ਹੋਰ ਕਰਮਕਾਂਡ ਜਾਂ ਉਪਾਅ ਕਰਨ ਦੀ ਲੋੜ ਨਹੀਂ। ਗੁਰੂ ਕਿਰਪਾ ਨਾਲ ਹੁਣ ਗੁਰਬਾਣੀ ਹੀ ਜੋ ਜੀਵਨ ਦਾ ਅਧਾਰ ਹੈ, ਮੇਰੇ ਹਿਰਦੇ ਦਾ ਹਾਰ ਬਣ ਗਈ ਹੈ 'ਤੇ ਜਿਉਂ ਜਿਉਂ ਮੈਂ ਇਸ ਨੂੰ ਪੜ੍ਹਦਾ ਹਾਂ, ਇਹ ਮੈਨੂੰ ਪ੍ਰਭੂ ਪਿਆਰ ਵਿਚ ਰੰਗਦੀ ਜਾਂਦੀ ਹੈ।

ਭਾਵ ਅਰਥ: ਸਤਿਗੁਰੂ ਨੇ ਕਿਰਪਾ ਕਰਕੇ ਮੇਰੇ ਅੰਦਰ ਪ੍ਰਭੂ ਦੇ ਗੁਣਾਂ ਨਾਲ ਭਰਪੂਰ ਗੁਰਬਾਣੀ ਵਸਾ ਦਿੱਤੀ 'ਤੇ ਇਕ ਪਲ ਵੀ ਮੇਰੇ ਮਨ ਵਿਚੋਂ ਗੁਰੂ ਨੇ ਗੁਰਬਾਣੀ ਵਿਸਰਨ ਨਾ ਦਿੱਤੀ। ਸਤਿਗੁਰੂ ਜੀ ਕਹਿੰਦੇ ਹਨ ਕਿ ਇਹ ਗੁਰਬਾਣੀ ਮੈਨੂੰ ਮਿੱਠੀ ਲੱਗਦੀ ਹੈ, ਮੇਰੇ

ਆਤਮਿਕ ਜੀਵਨ ਨੂੰ ਉੱਚਾ ਚੁਕਣ ਵਾਲੀ ਅੰਮ੍ਰਿਤ ਪ੍ਰਭੂ ਦੀ ਧਾਰ ਦਾ ਸੋਮਾ ਲਗਾਤਾਰ ਅੰਦਰ ਚੱਲਣ ਲੱਗ ਪਿਆ। ਇਹ ਗੁਰਬਾਣੀ ਤਾਂ ਪ੍ਰਭੂ ਦੇ ਰੰਗ ਵਿਚ ਰੰਗਣ ਵਾਲੀ ਹੈ, ਇਸ ਬਾਣੀ ਸਦਕਾ ਹੀ ਪ੍ਰਭੂ ਦਾ ਦਰਸ਼ਨ ਹੁੰਦਾ ਹੈ, ਪ੍ਰਭੂ ਜੀ ਦੇ ਚਰਨਾਂ ਦੀ ਛੋਹ ਮਿਲਦੀ ਹੈ। ਮਨ ਵਿਚ ਅਨੰਦ ਤੇ ਖਿੜਾਉ ਪੈਦਾ ਹੁੰਦਾ ਹੈ।

ਜੇਕਰ ਇਹ ਬਾਣੀ ਥੋੜੇ ਸਮੇਂ ਲਈ ਵੀ ਮਨ ਵਿਚ ਵਸਾ ਲਈਏ, ਤਾਂ ਗੁਰੂ ਦੇ ਚਰਨਾਂ ਤੱਕ ਪਹੁੰਚ ਬਣ ਜਾਂਦੀ ਹੈ। ਇਸ ਬਾਣੀ ਨੂੰ ਹਰ ਵਕਤ ਚੇਤੇ ਕਰਦਿਆਂ ਵਿਕਾਰਾਂ ਦਾ ਡਰ ਮੁੱਕ ਜਾਂਦਾ ਹੈ। ਪੰਜਵੇਂ ਨਾਨਕ ਜੀ ਕਹਿੰਦੇ ਹਨ ਕਿ ਪ੍ਰਭੂ ਦੀ ਗੁਰਬਾਣੀ ਨੂੰ ਆਪਣੇ ਗਲ ਵਿਚ, ਹਿਰਦੇ ਵਿਚ ਹਾਰ ਦੀ ਤਰ੍ਹਾਂ ਪਾ ਕੇ ਰੱਖ।

ਸਾਰੰਸ਼: ਪ੍ਰਭੂ ਪਿਆਰ ਹਾਸਲ ਕਰਨ ਲਈ ਦੁਨੀਆਂ ਤਰ੍ਹਾਂ-ਤਰ੍ਹਾਂ ਦੇ ਢੰਗ ਵਰਤਦੀ ਹੈ, ਕਰਮ ਕਾਂਡ ਕਰਦੀ ਹੈ, ਪਰ ਗੁਰੂ ਅਰਜਨ ਸਾਹਿਬ ਕਹਿੰਦੇ ਹਨ ਕਿ ਮੈਨੂੰ ਪ੍ਰਭੂ ਪਿਆਰ ਹਾਸਲ ਕਰਨ ਦਾ ਇਕ ਸੋਹਣਾ ਢੰਗ ਗੁਰੂ ਨੇ ਦਰਸਾ ਦਿੱਤਾ ਕਿ ਗੁਰਬਾਣੀ ਨਾਲ ਹੀ ਜੀਵਨ ਵਿਚ ਸੁਧਾਰ ਹੋ ਸਕਦਾ ਹੈ, ਹੋਰ ਕਿਸੇ ਵੀ ਤਰੀਕੇ ਜੀਵਨ ਦਾ ਸੁਧਾਰ ਤੇ ਪ੍ਰਭੂ ਪਿਆਰ ਹਾਸਲ ਨਹੀਂ ਕੀਤਾ ਜਾ ਸਕਦਾ।

-0-

6. ਸੋਰਠਿ ਮਹਲਾ ੫॥ (ਪੰਨਾ-੬੨੭)

ਪਰਮੇਸਰਿ, ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ, ਭੰਨਾ ॥
ਅਨਦ ਕਰਹਿ, ਨਰ ਨਾਰੀ ॥ ਹਰਿ ਹਰਿ ਪ੍ਰਭਿ, ਕਿਰਪਾ ਧਾਰੀ ॥੧॥
ਸੰਤਹੁ, ਸੁਖੁ ਹੋਆ ਸਭ ਥਾਈ ॥
ਪਾਰਬ੍ਰਹਮੁ ਪੂਰਨ ਪਰਮੇਸਰੁ, ਰਵਿ ਰਹਿਆ, ਸਭਨੀ ਜਾਈ ॥ ਰਹਾਉ ॥
ਧੁਰ ਕੀ ਬਾਣੀ ਆਈ ॥ ਤਿਨਿ, ਸਗਲੀ ਚਿੰਤ ਮਿਟਾਈ ॥
ਦਇਆਲ ਪੁਰਖ ਮਿਹਰਵਾਨਾ ॥ ਹਰਿ, ਨਾਨਕ, ਸਾਚੁ ਵਖਾਨਾ ॥੨॥

ਉਚਾਰਣ ਸੇਧਾਂ:ਪਰਮੇਸਰਿ-ਪਰਮੇਸ਼ਰ। ਬੰਨਾ-ਬੰਨ੍ਹਾਂ। ਅਨਦ-ਅਨੰਦ। ਕਰਹਿ-ਕਰਹਿਂ। ਥਾਈ-ਥਾਈਂ। ਜਾਈ-ਜਾਈਂ।

ਪਦ ਅਰਥ: ਬੰਨਾ-ਰੋਕ। ਰਵਿ ਰਹਿਆ-ਹਰ ਥਾਂ ਮੌਜੂਦ। ਵਖਾਨਾ-ਆਖਿਆ।

ਭੂਮਿਕਾ: ਪੰਚਮ ਪਾਤਸ਼ਾਹ ਜੀ ਇਸ ਸ਼ਬਦ ਰਾਹੀਂ ਇਹ ਦਰਸਾਉਂਦੇ ਹਨ ਕਿ ਜਿਸ ਮਨੁੱਖ ਨੂੰ ਇਹ ਭਰੋਸਾ ਬੱਝ ਜਾਏ ਕਿ ਵਾਹਿਗੁਰੂ ਸਭ ਥਾਵਾਂ ਤੇ ਇਕੋ ਜਿਹਾ ਹੀ ਵਸਿਆ ਹੋਇਆ ਹੈ। ਉਸ ਨੂੰ ਫਿਰ ਹਰ ਜਗ੍ਹਾ ਉੱਤੇ ਹਰ ਹਾਲਤ ਵਿਚ ਸੁਖ ਹੀ ਮਹਿਸੂਸ ਹੁੰਦਾ ਹੈ।

ਭਾਵ ਅਰਥ: ਜਿਸ ਮਨੁੱਖ ਉੱਤੇ ਵਾਹਿਗੁਰੂ ਜੀ ਦੀ ਇਤਨੀ ਬਖਸ਼ਿਸ਼ ਹੋ ਜਾਏ ਕਿ ਉਸ ਨੂੰ ਹਰ ਥਾਂ ਤੇ ਵਾਹਿਗੁਰੂ ਜੀ ਨਜ਼ਰ ਆਉਣ ਲੱਗ ਪੈਣ, ਉਸ ਦੇ ਗਲਤ ਕੰਮ ਅਤੇ ਵਿਕਾਰਾਂ ਦੀ ਰੁਚੀ ਉੱਤੇ ਆਪਣੇ ਆਪ ਹੀ ਰੋਕ ਲੱਗ ਜਾਂਦੀ ਹੈ, ਕਿਉਂਕਿ ਗਲਤ ਕੰਮ ਜਾਂ ਵਿਕਾਰ ਸਦਾ ਛੁਪਾ ਕੇ ਹੀ ਕੀਤੇ ਜਾਂਦੇ ਹਨ 'ਤੇ ਜੇ ਹਰ ਥਾਂ ਵਾਹਿਗੁਰੂ ਜੀ ਨਜ਼ਰ ਆਉਣ

ਲੱਗ ਪਏ, ਤਾਂ ਕਿਸ ਤੋਂ ਛੁਪਾਵਾਂਗੇ ਤੇ ਕਿਵੇਂ ਛੁਪਾਵਾਂਗੇ? ਜੇ ਜੀਵਨ ਵਿਚੋਂ ਗਲਤ ਕੰਮ ਅਤੇ ਵਿਕਾਰ ਹੀ ਮੁੱਕ ਗਏ, ਤਾਂ ਦੁਖ ਤਾਂ ਆਪਣੇ ਆਪ ਹੀ ਖਤਮ ਹੋ ਜਾਣਗੇ। ਵਾਹਿਗੁਰੂ ਜੀ ਦੀ ਸਿਫਤ ਸਲਾਹ ਵਾਲੀ ਬਾਣੀ ਪੜ੍ਹਨ ਨਾਲ ਹੀ ਕਿਸੇ ਮਨੁੱਖ ਉੱਤੇ ਇਤਨੀ ਬਖਸ਼ਿਸ਼ ਹੋ ਸਕਦੀ ਹੈ। ਬਾਣੀ ਦੇ ਹਿਰਦੇ ਵਿਚ ਵਸ ਜਾਣ ਨਾਲ ਕਿਸੇ ਕਿਸਮ ਦੀ ਚਿੰਤਾ ਨਹੀਂ ਰਹਿੰਦੀ, ਕਿਉਂਕਿ ਮਨੁੱਖ ਚਿੰਤਤ ਸਦਾ ਦੋ ਕਾਰਨਾਂ ਕਰਕੇ ਹੁੰਦਾ ਹੈ: ਇਕ ਆਪਣੀ ਗਲਤੀ ਜਾਂ ਵਿਕਾਰ ਦੇ ਪ੍ਰਗਟ ਹੋ ਜਾਣ ਤੋਂ ਅਤੇ ਦੂਜਾ ਕਿਸੇ ਦੇ ਗਲਤ ਫੈਸਲੇ ਦਾ ਅਸਰ ਆਪਣੇ ਜੀਵਨ ਤੇ ਪੈਣ ਦੇ ਡਰੋਂ ਤੇ ਜੇ ਸਭ ਥਾਂ ਵਾਹਿਗੁਰੂ ਜੀ ਹੀ ਨਜ਼ਰੀਂ ਆ ਪਏ ਤਾਂ ਫਿਰ ਫੈਸਲਾ ਕਿਸੇ ਦੂਜਾ ਦਾ ਕਿਵੇਂ ਹੋ ਸਕਦਾ ਹੈ ਅਤੇ ਗਲਤ ਵੀ ਕਿਵੇਂ ਹੋ ਸਕਦਾ ਹੈ? ਇਸ ਲਈ ਜਿਸ ਮਨੁੱਖ ਉੱਤੇ ਦਇਆ ਦੇ ਸੋਮੇ ਵਾਹਿਗੁਰੂ ਜੀ ਦੀ ਮਿਹਰ ਹੋ ਜਾਏ ਉਹ ਸਦਾ ਸੁਖੀ ਰਹਿੰਦਿਆਂ ਹੋਇਆਂ ਉਸੇ ਵਾਹਿਗੁਰੂ ਜੀ ਨੂੰ ਹੀ ਯਾਦ ਕਰਦਾ ਰਹਿੰਦਾ ਹੈ।

ਸਾਰੰਸ਼: ਵਾਹਿਗੁਰੂ ਜੀ ਦੀ ਯਾਦ ਵਾਲੀ ਅਤੇ ਚੰਗੀ ਜੀਵਨ ਜਾਚ ਵਾਲੀ ਬਾਣੀ ਨਾਲ ਸਾਂਝ ਪੈਣ ਨਾਲ ਜੀਵਨ ਵਿਚੋਂ ਵਿਕਾਰ ਮੁਕ ਜਾਂਦੇ ਹਨ ਅਤੇ ਵਿਕਾਰਾਂ ਦੇ ਮੁੱਕਣ ਨਾਲ ਜੀਵਨ ਸਦਾ ਸੁਖਦਾਈ ਹੋ ਜਾਂਦਾ ਹੈ।

-0-

7. ਆਸਾ ਮਹਲਾ ੫॥ (ਪੰਨਾ-੪੦੬)

ਸਤਿਗੁਰ, ਬਚਨ ਤੁਮ੍ਹਾਰੇ ॥ ਨਿਰਗੁਣ ਨਿਸਤਾਰੇ ॥੧॥ ਰਹਾਉ ॥
ਮਹਾ ਬਿਖਾਦੀ, ਦੁਸਟ ਅਪਵਾਦੀ, ਤੇ ਪੁਨੀਤ ਸੰਗਾਰੇ ॥੧॥
ਜਨਮ ਭਵੰਤੇ, ਨਰਕਿ ਪੜੰਤੇ, ਤਿਨ੍ ਕੇ ਕੁਲ ਉਧਾਰੇ ॥੨॥
ਕੋਇ ਨ ਜਾਨੈ, ਕੋਇ ਨ ਮਾਨੈ, ਸੇ, ਪਰਗਟੁ ਹਰਿ ਦੁਆਰੇ ॥੩॥
ਕਵਨ ਉਪਮਾ ਦੇਉ, ਕਵਨ ਵਡਾਈ, ਨਾਨਕ, ਖਿਨੁ ਖਿਨੁ ਵਾਰੇ ॥੪॥

ਉਚਾਰਣ ਸੇਧਾਂ: ਮਹਾ-ਮਹਾਂ। ਦੁਸਟ-ਦੁਸ਼ਟ। ਦੇਉ-ਦੇਉਂ। ਕੁਲ-ਕੁਲ।

ਪਦ ਅਰਥ: ਬਚਨ-ਗੁਰਬਾਣੀ। ਨਿਰਗੁਣ-ਗੁਣਾਂ ਤੋਂ ਖਾਲੀ। ਨਿਸਤਾਰੇ-ਲੰਘਾ ਦਿੱਤੇ। ਬਿਖਾਦੀ-ਝਗੜਾ ਕਰਨ ਵਾਲੇ। ਅਪਵਾਦੀ-ਮੰਦੇ ਬੋਲ ਬੋਲਣ ਵਾਲੇ। ਸੰਗਾਰੇ-ਤੇਰੀ ਸੰਗਤ ਵਿਚ। ਕੁਲ-ਖ਼ਾਨਦਾਨ। ਉਧਾਰੇ-ਤਾਰ ਦਿੱਤੇ। ਖਿਨੁ ਖਿਨੁ ਵਾਰੇ- ਹਰ ਸਮੇਂ ਬਲਿਹਾਰ ਜਾਂਦਾ ਹਾਂ।

ਭੂਮਿਕਾ: ਇਸ ਸ਼ਬਦ ਵਿਚ ਪੰਜਵੇਂ ਪਾਤਸ਼ਾਹ ਜੀ ਗੁਰਬਾਣੀ ਤੇ ਸੰਗਤ ਦੀ ਮਹਾਨਤਾ ਦਰਸਾ ਰਹੇ ਹਨ ਕਿ ਭੈੜੇ ਤੋਂ ਭੈੜੇ ਸੁਭਾਅ ਵਾਲੇ ਬੰਦੇ ਤੇ ਸਮਾਜ ਵਿਚ ਗਿਰੇ ਹੋਏ ਬੰਦੇ ਵੀ ਪਵਿੱਤਰ ਜੀਵਨ ਵਾਲੇ ਤੇ ਚੰਗੇ ਸਮਾਜ ਸੇਵਕ ਬਣ ਸਕਦੇ ਹਨ, ਜੇ ਗੁਰਬਾਣੀ ਤੇ ਗੁਰੂ ਸੰਗਤ ਕੀਤੀ ਜਾਵੇ।

ਭਾਵ ਅਰਥ: ਹੇ ਸਤਿਗੁਰੂ ਜੀ! ਤੁਹਾਡੇ ਗੁਰਬਾਣੀ ਰਾਹੀਂ ਬਚਨਾਂ ਨੇ ਅਨੇਕਾਂ ਹੀ ਗੁਣਹੀਨ ਬੰਦਿਆਂ ਨੂੰ ਵੀ ਵਿਕਾਰਾਂ ਦੇ ਚਿਕੜ ਵਿਚੋਂ ਪਾਰ ਲੰਘਾ ਦਿੱਤਾ। ਜੋ ਕਠੋਰ ਸੁਭਾਅ, ਭੈੜੇ ਆਚਰਨ ਵਾਲੇ ਤੇ ਮੰਦੇ ਬੋਲ ਬੋਲਣ ਵਾਲੇ ਸਨ, ਤੁਹਾਡੀ ਸੰਗਤ ਅਤੇ

ਗੁਰਬਾਣੀ ਦੁਆਰਾ ਉਹ ਵੀ ਪਵਿੱਤਰ ਆਚਰਣ ਵਾਲੇ ਮਿੱਠ ਬੋਲੜੇ ਤੇ ਕੋਮਲ ਸੁਭਾਅ ਵਾਲੇ ਬਣ ਗਏ। ਜੋ ਮਨੁੱਖ ਦੁੱਖਾਂ ਵਿਚ ਭਟਕ ਰਹੇ ਸਨ, ਉਨ੍ਹਾਂ ਨੂੰ ਤੁਹਾਡੇ ਬਚਨਾਂ ਗੁਰਬਾਣੀ ਨੇ ਤਾਰ ਦਿੱਤਾ 'ਤੇ ਕਈ ਹੋਰ ਵੀ ਨਾਲ ਤਰ ਗਏ। ਜਿਨ੍ਹਾਂ ਨੂੰ ਪਹਿਲਾਂ ਕੋਈ ਵੀ ਜਾਣਦਾ-ਪਛਾਣਦਾ ਨਹੀਂ ਸੀ ਤੇ ਜਗਤ ਵਿਚ ਕੋਈ ਆਦਰ ਮਾਣ ਨਹੀਂ ਸੀ ਦੇਂਦਾ, ਤੁਹਾਡੀ ਮਿਹਰ ਨਾਲ ਉਹ ਮਨੁੱਖ ਵੀ ਆਦਰ ਮਾਣ ਹਾਸਿਲ ਕਰਨ ਯੋਗ ਹੋ ਗਏ। ਪੰਜਾਵੇਂ ਨਾਨਕ ਜੀ ਫੁਰਮਾਉਂਦੇ ਹਨ, ਹੇ ਸਤਿਗੁਰੂ ਜੀ! ਤੁਹਾਡੇ ਵਰਗੇ ਹੋਰ ਕੋਈ ਨਹੀਂ ਹੈ, ਮੈਂ ਤੁਹਾਡੀ ਸੰਗਤ ਤੇ ਗੁਰਬਾਣੀ ਦੀ ਕੀ ਸਿਫਤ ਕਰ ਸਕਦਾ ਹਾਂ? ਬਸ ਹਰ ਪਲ ਆਪ ਤੋਂ ਕੁਰਬਾਨ ਜਾਂਦਾ ਹਾਂ।

ਸਾਰੰਸ਼: ਜੋ ਮਨੁੱਖ ਹਰ ਵਕਤ ਵਿਕਾਰਾਂ ਵਿਚ ਰਹਿਣ ਨਾਲ ਭੈੜੇ ਆਚਰਨ, ਕੌੜੇ ਬੋਲ-ਬੋਲਣੇ ਤੇ ਕਠੋਰ ਸੁਭਾਅ ਦਾ ਮਾਲਕ ਬਣ ਗਿਆ ਹੋਵੇ, ਇਸ ਭੈੜੀ ਆਦਤ ਕਾਰਨ ਸਮਾਜ ਵਿਚ ਆਪਣੀ ਥਾਂ ਗਵਾ ਚੁੱਕਾ ਹੋਵੇ, ਜਦੋਂ ਇਹੋ ਜਿਹਾ ਮਨੁੱਖ ਸੰਗਤ ਵਿਚ ਆ ਗੁਰਬਾਣੀ ਨਾਲ ਸਾਂਝ ਪਾਉਂਦਾ ਹੈ, ਤਾਂ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ।

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰਇ॥
ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ॥ (ਪੰਨਾ-91)

-0-

੪. ਗਉੜੀ ਗੁਆਰੇਰੀ ਮਹਲਾ ੫॥ (ਪੰਨਾ-੧੮੫)

ਹਮ ਧਨਵੰਤ, ਭਾਗਠ ਸਚ ਨਾਇ॥
ਹਰਿ ਗੁਣ ਗਾਵਹ, ਸਹਜਿ ਸੁਭਾਇ॥੧॥ ਰਹਾਉ॥
ਪੀਊ ਦਾਦੇ ਕਾ, ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ, ਭਇਆ ਨਿਧਾਨਾ॥੧॥
ਰਤਨ ਲਾਲ, ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ, ਅਖੁਟ ਅਤੋਲ ॥੨॥
ਖਾਵਹਿ, ਖਰਚਹਿ, ਰਲਿ ਮਿਲਿ ਭਾਈ॥
ਤੋਟਿ ਨ ਆਵੈ, ਵਧਦੋ ਜਾਈ ॥੩॥
ਕਹੁ ਨਾਨਕ, ਜਿਸੁ ਮਸਤਕਿ, ਲੇਖੁ ਲਿਖਾਇ॥
ਸੁ, ਏਤੁ ਖਜਾਨੈ, ਲਇਆ ਰਲਾਇ॥੪॥

ਉਚਾਰਣ ਸੇਧਾਂ: ਨਾਇ-ਨਾਇਂ। ਗਾਵਹ-ਗਾਵੇਂ। ਖਜਾਨਾ-ਖਜ਼ਾਨਾ। ਖਾਵਹਿ-ਖਾਵਹਿਂ। ਖਰਚਹਿ-ਖਰਚਹਿਂ। ਖਜਾਨੈ-ਖਜ਼ਾਨੈ।

ਪਦ ਅਰਥ: ਧਨਵੰਤ-ਅਮੀਰ। ਭਾਗਠ-ਭਾਗਾਂ ਵਾਲੇ। ਨਾਇ-ਨਾਮ ਦੇ ਰਾਹੀਂ। ਗਾਵਹ-ਅਸੀਂ ਗਾਉਂਦੇ ਹਾਂ। ਸਹਜਿ-ਟਿਕਾਅ ਵਿਚ। ਸੁਭਾਇ-ਸ੍ਰੇਸ਼ਟ ਪ੍ਰੇਮ ਨਾਲ। ਨਿਧਾਨ-ਖਜ਼ਾਨਾ। ਪੀਊ ਦਾਦੇ-ਪਹਿਲੇ ਚਾਰ ਸਤਿਗੁਰਾਂ ਦਾ। ਅਖੁਟ-ਨਾਹ ਮੁਕਣ ਵਾਲਾ। ਅਤੋਲੁ-ਨਾ ਤੋਲਿਆ ਜਾਣ ਵਾਲਾ। ਤੋਟਿ-ਘਾਟਾ। ਮਸਤਕਿ-ਮੱਥੇ ਉੱਤੇ। ਏਤੁ ਖਜਾਨੈ-ਇਸ ਖਜ਼ਾਨੇ ਵਿਚ।

ਭੂਮਿਕਾ: ਇਸ ਸ਼ਬਦ ਰਾਹੀਂ ਪੰਚਮ ਪਾਤਸ਼ਾਹ ਨੇ ਗੁਰਬਾਣੀ ਦੇ ਮਹਾਨ ਖਜ਼ਾਨੇ ਨਾਲ ਆਪਣਾ ਪਿਆਰ ਪ੍ਰਗਟ ਕਰਦਿਆਂ ਦੱਸਿਆ ਕਿ ਦੁਨੀਆਂ ਅਮੀਰ-ਧਨਾਢ ਬਣਨ ਦੇ ਯਤਨ ਕਰਦੀ ਹੈ ਤੇ ਲੋਕ ਅਮੀਰ-ਧਨਾਢ ਹੋ ਜਾਂਦੇ ਹਨ, ਪਰ ਇਹ ਅਮੀਰੀ ਬਹੁਤ ਚਿਰ ਰਹਿਣ ਵਾਲੀ ਨਹੀਂ ਹੈ। ਇਸ ਦੇ ਉਲਟ ਗੁਰਬਾਣੀ ਦੇ ਖਜ਼ਾਨੇ ਨਾਲ ਇਨਸਾਨ ਦਾ ਮਨ ਰੱਜ ਜਾਂਦਾ ਹੈ, ਉਹ ਸਦੀਵ ਕਾਲ ਲਈ ਅਮੀਰ ਹੋ ਜਾਂਦਾ ਹੈ। ਉਹ ਨਾਮ ਧਨ ਕੇਵਲ ਆਪ ਹੀ ਨਹੀਂ ਹੋਰਨਾਂ ਨੂੰ ਵੀ ਦੇ ਕੇ ਅਮੀਰ ਕਰਦਾ ਹੈ।

ਗੁਰੂ ਅਰਜਨ ਸਾਹਿਬ ਜੀ ਬਖਸ਼ਿਸ਼ ਕਰਦੇ ਹਨ ਕਿ ਜੋ ਖਜ਼ਾਨਾ ਮੈਨੂੰ ਪੀਊ ਦਾਦੇ (ਪਹਿਲੇ ਗੁਰੂ ਸਾਹਿਬ) ਕੋਲੋਂ ਪ੍ਰਾਪਤ ਹੋਇਆ ਉਸ ਨਾਲ ਜਿਵੇਂ-ਜਿਵੇਂ ਮੈਂ ਪਿਆਰ ਪਾਉਂਦਾ ਹਾਂ 'ਤੇ ਲੋਕਾਂ ਵਿਚ ਉਸਨੂੰ ਵੰਡਦਾ ਹਾਂ, ਹਰ ਥਾਂ ਹਰ ਵੇਲੇ ਸਾਥ ਦੇਣ ਵਾਲਾ ਨਾਮ ਧਨ ਮੇਰੇ ਮਨ ਵਿਚ ਵਸਦਾ ਹੈ ਤੇ ਮੈਂ ਸਦਾ ਲਈ ਅਮੀਰ ਤੇ ਭਾਗਾਂ ਵਾਲਾ ਬਣਦਾ ਜਾਂਦਾ ਹਾਂ।

ਭਾਵ ਅਰਥ: ਜਦੋਂ ਅਸੀਂ ਇਕੱਠੇ ਹੋ ਕੇ ਗੁਰਬਾਣੀ ਰਾਹੀਂ ਪ੍ਰਭੂ ਦੇ ਗੁਣ ਪਿਆਰ ਸਹਿਜ ਤੇ ਟਿਕਾਅ ਨਾਲ ਗਾਉਂਦੇ ਹਾਂ, ਤਾਂ ਇਸ ਨਾਮ ਧਨ ਦੀ ਬਖਸ਼ਿਸ਼ ਨਾਲ ਅਸੀਂ ਮਨ ਕਰਕੇ ਅਮੀਰ ਬਣਦੇ ਹਾਂ, ਵਡਭਾਗੇ ਬਣਦੇ ਹਾਂ 'ਤੇ ਨਾਮ ਧਨ ਲਈ ਹੋਰ ਪਿਆਰ ਵਧਦਾ ਜਾਂਦਾ ਹੈ।

ਜਦੋਂ ਮੈਂ ਆਪਣੇ ਪੀਊ ਦਾਦੇ ਭਾਵ ਬਜ਼ੁਰਗਾਂ ਦਾ ਬਖਸ਼ਿਆ ਹੋਇਆ ਗੁਰਬਾਣੀ ਰੂਪੀ ਖਜ਼ਾਨਾ ਖੋਲ੍ਹ ਕੇ ਵੇਖਿਆ, ਤਾਂ ਮੇਰੇ ਜੀਵਨ ਵਿਚ ਖੁਸ਼ੀ ਖੇੜੇ ਤੇ ਅਨੰਦ ਦੇ ਭੰਡਾਰ ਭਰ ਗਏ। ਪੰਜਵੇਂ ਨਾਨਕ ਜੀ ਫੁਰਮਾਉਂਦੇ ਹਨ ਇਸ ਸਾਰੀ ਗੁਰਬਾਣੀ ਵਿਚ ਰਤਨਾਂ-ਲਾਲਾਂ ਦੀ ਤਰ੍ਹਾਂ ਅਮੋਲਕ ਗੁਣਾਂ ਦੇ ਭੰਡਾਰ ਭਰੇ ਹੋਏ ਮੈਂ ਵੇਖੇ ਹਨ, ਜੋ ਮੁੱਕ ਨਹੀਂ ਸਕਦੇ ਤੇ ਨਾ ਹੀ ਤੋਲੇ ਕਾ ਸਕਦੇ ਹਨ।

ਜਦੋਂ ਅਸੀਂ ਇਕੱਠੇ ਹੋ ਕੇ ਗੁਰਬਾਣੀ ਦੀ ਵੀਚਾਰ ਰਾਹੀਂ ਇਹਨਾਂ ਅਮੋਲਕ ਗੁਣਾਂ ਦੇ ਭੰਡਾਰਿਆਂ ਨੂੰ ਆਪਣੇ ਜੀਵਨ ਵਿਚ ਧਾਰਦੇ ਹਾਂ 'ਤੇ ਇਹ ਗੁਣ ਹੋਰਨਾਂ ਨਾਲ ਸਾਂਝੇ ਕਰਦੇ ਹਾਂ, ਤਾਂ ਇਸ ਖਜ਼ਾਨੇ ਵਿਚ ਕੋਈ ਕਮੀ ਨਹੀਂ ਆਉਂਦੀ, ਸਗੋਂ ਵਧਦੇ ਜਾਂਦੇ ਹਨ।

ਪੰਜਵੇਂ ਨਾਨਕ ਜੀ ਫੁਰਮਾਉਂਦੇ ਹਨ, ਜਿਸ ਉੱਤੇ ਪਰਮਾਤਮਾ ਬਖਸ਼ਿਸ਼ ਕਰਦਾ ਹੈ, ਉਹੀ ਜੀਵ ਇਸ ਗੁਰਬਾਣੀ ਦੇ ਖਜ਼ਾਨੇ ਦਾ ਭਾਈਵਾਲ ਬਣਾ ਲਿਆ ਜਾਂਦਾ ਹੈ ਤੇ ਉਚੇ-ਸੁਚੇ ਜੀਵਨ ਦਾ ਅਨੰਦ ਮਾਣਦਾ ਹੈ।

ਸਾਰੰਸ਼: ਦੁਨੀਆਂ ਦੇ ਹੋਰ ਵੀ ਬਹੁਤ ਖਜ਼ਾਨੇ ਹਨ, ਜੋ ਸਾਨੂੰ ਅਮੀਰ ਤਾਂ ਬਣਾਉਂਦੇ ਹਨ, ਪਰ ਆਤਮਕ ਅਡੋਲਤਾ ਖੇੜਾ-ਅਨੰਦ ਨਹੀਂ ਦਿੰਦੇ, ਗੁਰਬਾਣੀ ਹੀ ਇਕ ਐਸਾ ਖਜ਼ਾਨਾ ਹੈ, ਜੋ ਮਨੁੱਖ ਦੇ ਜੀਵਨ ਨੂੰ ਸਰਬ ਪੱਖੀ ਪੂਰਾ ਕਰਦੀ ਹੈ ਭਾਵ ਆਤਮਿਕ ਅਮੀਰੀ ਬਖਸ਼ਦੀ ਹੈ 'ਤੇ ਇਹ ਅਮੀਰੀ ਸਭ ਅਮੀਰੀਆਂ ਨਾਲੋਂ ਮਹਿੰਗੀ ਤੇ ਨਾ ਮੁੱਕਣ ਵਾਲੀ ਤੇ ਨਾ ਤੋਲੀ ਜਾਣ ਵਾਲੀ ਹੈ। ਇਨ੍ਹਾਂ ਮਹਿੰਗੇ ਅਮੀਰ ਗੁਣਾਂ ਦੀ ਸਾਂਝ ਜਿਉਂ-ਜਿਉਂ ਅਸੀਂ ਦੁਨੀਆਂ ਨਾਲ ਕਰਦੇ ਹਾਂ, ਇਹ ਗੁਰਬਾਣੀ ਦਾ ਖਜ਼ਾਨਾ ਉਤਨਾ ਹੀ ਵਧਦਾ ਤੇ ਜੀਵਨ ਨੂੰ

ਹੋਰ ਉੱਚਾ-ਸੁੱਚਾ ਤੇ ਖੁਸ਼ੀ ਅਨੰਦ ਤੇ "ਨਾਨਕ ਭਗਤਾ ਸਦਾ ਵਿਗਾਸੁ" ਵਾਲੀ ਅਵਸਥਾ ਵਿਚ ਲੈ ਕੇ ਜਾਂਦਾ ਹੈ। ਸੋ ਸਾਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਜੋ ਖਜ਼ਾਨਾ ਸਾਡੇ ਗੁਰੂ ਸਾਹਿਬਾਨ ਨੇ ਦਿੱਤਾ ਹੈ, ਖੋਲ੍ਹ ਕੇ ਵਿਚਾਰਨਾ ਚਾਹੀਦਾ ਹੈ ਤੇ ਗੁਣ ਧਾਰਨ ਕਰਨੇ ਚਾਹੀਦੇ ਹਨ, ਤਾਂ ਕਿ ਅਸੀਂ ਵੀ ਅਮੀਰ ਤੇ ਭਾਗਾਂ ਵਾਲੇ ਬਣ ਗੁਰਬਾਣੀ ਦੀ ਸਾਂਝ ਦੂਜਿਆਂ ਨਾਲ ਕਰਨ ਯੋਗ ਹੋ ਸਕੀਏ ਤੇ ਰੱਬ ਦੀ ਬਖਸ਼ਿਸ਼ ਦੇ ਪਾਤਰ ਬਣ ਸਕੀਏ।

-0-

9. ਮਾਤਾ ਸਾਹਿਬ ਕੌਰ ਜੀ

ਜਦੋਂ ਅਸੀਂ ਅੰਮ੍ਰਿਤ ਛਕਦੇ ਹਾਂ, ਤਾਂ ਸਾਨੂੰ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਆਪ ਜੀ ਦੇ ਧਾਰਮਿਕ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਹਨ। ਤੁਹਾਡਾ ਜਨਮ ਅਸਥਾਨ ਕੇਸਗੜ੍ਹ ਸਾਹਿਬ ਹੈ 'ਤੇ ਆਪ ਜੀ ਅਨੰਦਪੁਰ ਸਾਹਿਬ ਦੇ ਵਾਸੀ ਹੋ।

ਮਾਤਾ ਸਾਹਿਬ ਕੌਰ ਜੀ ਦਾ ਜਨਮ ਰੁਹਤਾਸ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿਖੇ ਭਾਈ ਰਾਮੂ (ਸਿੰਘ) ਜੀ ਦੇ ਗ੍ਰਹਿ ਵਿਖੇ, ਮਾਤਾ ਜਸਦੇਵੀ ਜੀ ਦੀ ਕੁਖੋਂ 4 ਨਵੰਬਰ, 1681 ਈ. ਨੂੰ ਹੋਇਆ। ਭਾਈ ਰਾਮੂ ਸਿੰਘ ਜੀ ਗੁਰੂ ਘਰ ਦੇ ਸ਼ਰਧਾਵਾਨ ਸਿੱਖ ਸਨ ਤੇ ਇਲਾਕੇ ਦੇ ਮੁਖੀ ਪ੍ਰਚਾਰਕ ਸਨ ਤੇ ਇਲਾਕੇ ਦੀ ਸੰਗਤ ਨੂੰ ਦੀਵਾਲੀ ਅਤੇ ਵਿਸਾਖੀ ਨੂੰ ਗੁਰੂ ਦਰਸ਼ਨਾਂ ਨੂੰ ਲੈ ਕੇ ਜਾਂਦੇ ਰਹਿੰਦੇ ਸਨ। ਭਾਈ ਰਾਮੂ ਸਿੰਘ ਜੀ ਦਾ ਇਕ ਪੁੱਤਰ ਭਾਈ ਸਾਹਿਬ ਚੰਦ (ਸਿੰਘ) ਜੀ, ਜੋ ਗੁਰੂ ਘਰ ਦੇ ਗ੍ਰਹਿ ਮੰਤਰੀ ਮਾਮਾ ਕ੍ਰਿਪਾਲ ਸਿੰਘ ਵਾਂਗ ਜ਼ਿੰਦਗੀ ਭਰ ਗੁਰੂ ਦਰਬਾਰ ਵਿਚ ਰਹੇ ਹਨ।

ਮਾਤਾ ਸਾਹਿਬ ਕੌਰ ਜੀ ਬਾਲ ਅਵਸਥਾ ਵਿਚ ਸਰਬ ਗੁਣਾਂ ਭਰਪੂਰ ਸਨ। ਨਰੋਏ ਅੰਗ, ਸੁਡੌਲ ਸਰੀਰ, ਨੂਰਾਨੀ ਗੁਲਾਬ ਦੇ ਫੁੱਲ ਵਰਗਾ ਚਿਹਰਾ, ਮਿੱਠੇ ਬੋਲ, ਨਿਮਰਤਾ, ਸ਼ਾਂਤੀ, ਖਿਮਾ, ਸਬਰ, ਸੰਤੋਖ ਦੇ ਪੁਤਲੇ ਸਨ। ਬਾਲ ਅਵਸਥਾ ਤੋਂ ਅੱਗੇ ਵਧੇ ਤਾਂ ਮਾਤਾ-ਪਿਤਾ ਨੇ ਗੁਰਮੁਖੀ ਅੱਖਰ ਪੜ੍ਹਨ ਲਾ ਦਿੱਤੇ। ਗੁਰਬਾਣੀ ਤੇ ਗੁਰੂ ਘਰ ਦੀਆਂ ਸਾਖੀਆਂ ਦਾ ਬੋਧ ਹੋ ਗਿਆ। ਆਪਣੇ ਸਵੈਰੂਪ ਵਿਚ ਮਗਨ ਰਹਿੰਦੇ। ਸਤੋ ਗੁਣੀ ਸੁਭਾਅ ਦੇ ਨਾਲ ਭਰਪੂਰ, ਬਹੁਤ ਘੱਟ ਬੋਲਦੇ। ਸਤਸੰਗ ਵਿਚ ਆ ਕੇ ਆਪਣੇ ਹੱਥਾਂ ਨਾਲ ਕਠਿਨ ਸੇਵਾ ਕਰਦੇ। ਬੀਬੀ ਜੀ ਛੋਟੀ ਉਮਰ ਤੋਂ ਹੀ ਗੁਰਮੁਖੀ ਪੜ੍ਹਾਉਂਦੇ ਅਤੇ ਗੁਰਬਾਣੀ ਸਿਖਾਉਣ ਦੀ ਸੇਵਾ ਅਤਿ ਪ੍ਰੇਮ ਨਾਲ ਕਰਦੇ, ਆਪਣੇ ਧੰਨਭਾਗ ਸਮਝਦੇ। ਇਹਨਾਂ ਦੇ ਧੁਰੋਂ ਹੀ ਬਖਸਿਸ਼ਾਂ ਦੇ ਸ਼ੁਭ ਗੁਣਾਂ ਦੀ ਚਰਚਾ ਪਰਿਵਾਰ ਚੋਂ ਨਿਕਲ ਪਿੰਡ ਦੀਆਂ ਸੰਗਤਾਂ ਤੋਂ ਵੀ ਬਾਹਰ ਇਲਾਕੇ ਦੀਆਂ ਸੰਗਤਾਂ ਵਿਚ ਵੀ ਸੁਗੰਧੀ ਵਾਂਗ ਫੈਲ ਗਈ। ਹਰ ਕਿਸੇ ਦੀ ਰਸਨਾ ਤੇ ਇਹੋ ਸੀ ਕਿ ਐਸੀ ਬੱਚੀ ਦਾ ਰਿਸ਼ਤਾ ਤਾਂ ਕਿਸੇ ਮਹਾਨ ਪੁਰਖ ਨਾਲ ਹੋਣਾ ਚਾਹੀਦਾ ਹੈ। ਇਹ ਪਵਿੱਤਰ ਵਿਚਾਰ ਇਲਾਕੇ ਦੇ ਕੁੱਝ ਮੁੱਖੀ ਸਿੱਖਾਂ ਨੇ ਭਾਈ ਰਾਮੂ ਸਿੰਘ ਜੀ ਨਾਲ ਸਾਂਝੇ ਕੀਤੇ। ਕੁੱਝ ਹੀ ਦਿਨਾਂ ਵਿਚ ਪੂਰੇ ਰੋਹਤਾਸ ਦੀ ਸੰਗਤ ਧਰਮਸ਼ਾਲਾ (ਗੁਰਦੁਆਰਾ ਚੌਅ ਸਾਹਿਬ) ਵਿਚ ਇਕੱਤਰ ਹੋਈ। ਸਰਬੱਤ ਸੰਗਤ ਵਿਚ ਇਕੋ ਹੀ ਵੀਚਾਰ ਬਣਿਆ ਕਿ ਬੀਬੀ ਸਾਹਿਬ ਕੌਰ ਜੀ ਦਾ ਰਿਸ਼ਤਾ ਗੁਰੂ ਗੋਬਿੰਦ ਸਿੰਘ ਜੀ ਨਾਲ ਕਰ ਦਿੱਤਾ ਜਾਵੇ।

ਸੰਗਤ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਨਾਤੇ ਦਾ ਅਰਦਾਸਾ ਹੀ ਸੋਧ ਦਿੱਤਾ। ਬੀਬੀ ਸਾਹਿਬ ਕੌਰ ਜੀ ਖ਼ਬਰ ਸੁਣਦੇ ਹੀ ਖਿੜੇ ਹੋਏ ਚਿਹਰੇ ਦਾ ਜਲਾਲ ਸੁਰਜ ਵਾਂਗ ਰੌਸ਼ਨ ਹੋ ਉਠਿਆ।

ਕੁੱਝ ਸਮੇਂ ਬਾਅਦ ਵਿਸਾਖੀ ਦਾ ਪੁਰਬ ਨੇੜੇ ਆ ਰਿਹਾ ਸੀ। ਭਾਈ ਰਾਮੂ ਸਿੰਘ ਜੀ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਆਏ। ਭਾਈ ਰਾਮੂ ਜੀ ਨੇ ਮੁੱਖੀ ਸਿੱਖ ਭਾਈ ਮਨੀ ਸਿੰਘ ਜੀ ਨੂੰ ਮਿਲ ਕੇ ਸਾਰੀ ਗੱਲਬਾਤ ਤੋਂ ਜਾਣੂ ਕਰਵਾਇਆ। ਭਾਈ ਮਨੀ ਸਿੰਘ ਜੀ ਭਾਈ ਰਾਮੂ ਸਿੰਘ ਜੀ ਤੇ ਨਾਲ ਆਈ ਸਾਰੀ ਸੰਗਤ ਨੂੰ ਨਾਲ ਲੈ ਕੇ ਕਲਗੀਧਰ ਪਾਤਸਾਹ ਪਾਸ ਹਾਜ਼ਰ ਹੋਏ। ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਅੱਗੇ ਪੋਠੋਹਾਰ ਦੇ ਇਲਾਕੇ ਦੀ ਸੰਗਤ ਵਿਚ ਕੀਤੇ ਹੋਏ ਮਤੇ ਦੇ ਆਧਾਰ ਤੇ ਬੀਬੀ ਸਾਹਿਬ ਕੌਰ ਜੀ ਦੇ ਰਿਸ਼ਤੇ ਨੂੰ ਕਬੂਲ ਕਰਨ ਲਈ ਬੇਨਤੀ ਕੀਤੀ।

ਦਸਮੇਸ਼ ਪਿਤਾ ਜੀ ਨੇ ਫੁਰਮਾਇਆ ਕਿ ਅਸੀਂ ਤਾਂ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਉੱਪਰ ਉੱਠ ਕੇ ਕੌਮ ਦੇ ਭਵਿੱਖ ਲਈ ਕੁੱਝ ਵਿਸ਼ੇਸ਼ ਪ੍ਰੋਗਰਾਮ ਦੀ ਵਿਉਂਤਬੰਦੀ ਕਰਨੀ ਹੈ, ਪ੍ਰੰਤੂ ਆਪਣੇ ਪਿਆਰੇ ਸਿੱਖ ਭਾਈ ਰਾਮੂ ਸਿੰਘ ਦਾ ਸਿਦਕ ਤੇ ਪੋਠੋਹਾਰ ਦੀ ਸੰਗਤ ਵਿਚ ਹੋਈ ਅਰਦਾਸ ਤੇ ਬੇਨਤੀ ਸੁਣ ਕੇ ਮਿਹਰਵਾਨ ਗੁਰੂ ਜੀ ਨੇ ਪ੍ਰਵਾਨਗੀ ਬਖਸ਼ ਦਿੱਤੀ।

ਗੁਰੂ ਜੀ ਦੇ ਮੁਖ ਤੋਂ ਪ੍ਰਵਾਨਗੀ ਦੇ ਸ਼ਬਦ ਸੁਣ ਕੇ ਰੋਹਤਾਸ ਦੀ ਸੰਗਤ ਗਦ-ਗਦ ਹੋ ਗਈ। ਇਸ ਮਗਰੋਂ ਗੁਰੂ ਜੀ ਦਾ ਅਨੰਦ ਕਾਰਜ (ਮਾਤਾ) ਸਾਹਿਬ ਕੌਰ ਜੀ ਨਾਲ ਹੋਇਆ। ਮਾਤਾ ਜੀ ਇਹ ਬਖਸ਼ਿਸ਼ ਪਾ ਕੇ ਗਦ-ਗਦ ਹੋ ਗਏ। ਭਾਈ ਰਾਮੂ ਸਿੰਘ ਤੇ ਇਲਾਕੇ ਦੀਆਂ ਸੰਗਤਾਂ ਆਪਣੀ ਬੱਚੀ ਦਾ ਕਾਰਜ ਕਰ ਰੋਹਤਾਸ ਪਰਤ ਆਏ। ਮਾਤਾ ਸਾਹਿਬ ਕੌਰ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰਕ ਜੀਵਨ ਸਹੀ ਅਰਥਾਂ ਵਿਚ ਆਦਰਸ਼ਕ ਗ੍ਰਹਿਸਤੀ ਜੀਵਨ ਸੀ, ਜਿਸ ਵਿਚ ਮਾਤਾ ਜੀ ਨੇ ਸਦਾ ਹੀ ਗੁਰੂ ਪਤੀ, ਗੁਰੂ ਗੋਬਿੰਦ ਸਿੰਘ ਜੀ ਦੀਆਂ ਭਾਵਨਾਵਾਂ ਨੂੰ ਪਹਿਲ ਦਿੱਤੀ ਅਤੇ ਉਨ੍ਹਾਂ ਦੀ ਖੁਸ਼ੀ ਹਾਸਲ ਕਰਦੇ ਰਹੇ। ਜੁਗਾਂ-ਜੁਗਾਂਤਰਾਂ ਤੱਕ ਕਾਇਮ ਰਹਿਣ ਵਾਲੇ "ਖ਼ਾਲਸਾ ਪੁੱਤਰ" ਦੀ ਮਾਂ ਕੋਈ ਆਦਰਸ਼ਕ ਬੀਬੀ ਹੀ ਹੋ ਸਕਦੀ ਸੀ ਅਤੇ ਇਹ ਮਾਣ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਬਖਸ਼ ਕੇ ਸਦਾ ਸਦਾ ਲਈ ਪੁੱਤਰਾਂ ਵਾਲੀ ਬਣਾ ਦਿੱਤਾ।

ਜਿੰਨੀ ਦੇਰ ਤੱਕ ਮਾਤਾ ਸਾਹਿਬ ਕੌਰ ਜੀ ਅਨੰਦਪੁਰ ਸਾਹਿਬ ਰਹੇ, ਆਪ ਦਾ ਨੇਮ ਰਿਹਾ ਕਿ ਆਪ ਗੁਰੂ-ਪਤੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ ਅਤੇ ਸੰਗਤਾਂ ਦੀ ਸੇਵਾ ਕਰਕੇ ਬੇਹੱਦ ਖੁਸ਼ੀ ਮਹਿਸੂਸ ਕਰਦੇ। ਮਾਤਾ ਜੀ ਦਾ ਬਹੁਤਾ ਸਮਾਂ ਗੁਰਬਾਣੀ ਦਾ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਆਈਆਂ ਸੰਗਤਾਂ ਦੀ ਦੇਖ-ਭਾਲ ਕਰਨ ਵਿਚ ਬੀਤਦਾ ਸੀ। ਮਾਤਾ ਜੀ ਦਾ ਸਾਹਿਬਜ਼ਾਦਿਆਂ ਨਾਲ ਬੜਾ ਸਨੇਹ ਤੇ ਪਿਆਰ ਸੀ। ਆਪ ਮਾਤਾ ਸੁੰਦਰ ਕੌਰ ਜੀ ਨੂੰ ਆਪਣੀ ਵੱਡੀ ਭੇਣ ਵਾਂਗ ਸਤਿਕਾਰ ਕਰਦੇ ਸਨ। ਆਪ ਜੀ ਦਾ ਚਿਹਰਾ ਸਦਾ ਹਸੂੰ-ਹਸੂੰ ਕਰਦਾ ਅਤੇ ਫੁੱਲਾਂ ਵਾਂਗ ਖਿੜਿਆ ਰਹਿੰਦਾ ਸੀ।

ਗੁਰੂ ਨਾਨਕ ਪਾਤਸ਼ਾਹ ਤੋਂ ਹੀ ਜ਼ਾਤ ਅਭਿਮਾਨੀ ਹਿੰਦੂ ਤੇ ਜਨੂਨੀ ਮੁਸਲਮਾਨ ਗੁਰੂ ਘਰ ਦੀ ਵਿਰੋਧਤਾ ਕਰ ਰਹੇ ਸਨ। ਕਿਉਂਕਿ ਗੁਰੂ ਸਾਹਿਬਾਨ ਜਾਤ-ਪਾਤ ਤੇ ਮਤ ਮਤਾਤਰਾਂ ਦੇ ਭਿੰਨ ਭੇਦ ਮਿਟਾ ਕੇ ਇਕ ਬਰਾਬਰਤਾ ਦਾ ਸਮਾਜ ਸਿਰਜ ਰਹੇ ਸਨ। ਇਸ ਕਰਕੇ ਉਹਨਾਂ ਦਾ ਗੁਰੂ ਘਰ ਨਾਲ ਖਹਿਣਾ ਸੁਭਾਵਕ ਸੀ। 1686 ਤੋਂ ਲੈ ਕੇ 1705 ਤੱਕ ਗੁਰੂ ਗੋਬਿੰਦ ਸਿੰਘ ਜੀ ਉਪਰ ਜਾਤ ਅਭਿਮਾਨੀ ਪਹਾੜੀ ਰਾਜਿਆਂ ਤੇ ਉਹਨਾਂ ਦੀ ਸਹਾਇਤਾ ਲਈ ਆਈ ਮੁਗ਼ਲ ਹਕੂਮਤ ਨੇ 14 ਹਮਲੇ ਕੀਤੇ। 1700 ਤੋਂ 1705 ਤੱਕ ਅਨੰਦਪੁਰ ਸਾਹਿਬ ਉੱਪਰ 5 ਹਮਲੇ ਹੋਏ। ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸੰਨ 1705 ਵਿਚ ਲੜੀ ਗਈ। 20 ਦਸੰਬਰ, ਸੰਨ 1705 ਦੀ ਰਾਤ ਨੂੰ ਗੁਰੂ ਜੀ ਨੇ ਕਿਲ੍ਹਾ ਛੱਡ ਦਿੱਤਾ। ਗੁਰੂ ਜੀ ਆਪਣੇ ਪਰਿਵਾਰ ਅਤੇ ਸਾਥੀਆਂ ਸਮੇਤ ਕੀਰਤਪੁਰ ਹੁੰਦੇ ਹੋਏ ਰੋਪੜ ਵੱਲ ਵਧੇ। ਸਿਰਸਾ ਦੇ ਕਿਨਾਰੇ ਪਹੁੰਚ ਕੇ ਮੁਗ਼ਲ ਫ਼ੌਜਾਂ ਨਾਲ ਇਕ ਤਕੜਾ ਮੁਕਾਬਲਾ ਹੋਇਆ। ਇਸ ਜੰਗ ਵਿਚ ਅਨੇਕਾਂ ਸਿੰਘ ਸ਼ਹੀਦ ਹੋ ਗਏ। ਕੁੱਝ ਸਿੰਘ ਨਦੀ ਪਾਰ ਕਰਦੇ ਹੋਏ ਤੇਜ਼ ਵਹਾਓ ਵਿਚ ਹੀ ਰੁੜ੍ਹ ਗਏ। ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਵਿਛੁੜ ਕੇ ਮਾਤਾ ਗੁਜਰ ਕੌਰ ਜੀ ਦੇ ਨਾਲ ਗੰਗੂ ਬ੍ਰਾਹਮਣ ਦੇ ਪਿੰਡ ਜਾ ਪਹੁੰਚੇ। ਗੁਰੂ ਜੀ ਅਤੇ ਵੱਡੇ ਸਾਹਿਬਜ਼ਾਦੇ ਸਿਰਸਾ ਨਦੀ ਪਾਰ ਕਰਕੇ ਮੁੱਠੀ ਭਰ ਸਿੰਘਾਂ ਸਮੇਤ ਚਮਕੌਰ ਸਾਹਿਬ ਵੱਲ ਵਧੇ। ਦੋਵੇਂ ਮਾਤਾਵਾਂ, ਭਾਈ ਮਨੀ ਸਿੰਘ ਜੀ, ਭਾਈ ਸਾਹਿਬ ਸਿੰਘ (ਮਾਤਾ ਸਾਹਿਬ ਕੌਰ ਦਾ ਭਰਾ) ਅਤੇ ਭਾਈ ਜਵਾਹਰ ਸਿੰਘ ਜੀ ਦੀ ਨਿਗਰਾਨੀ ਥੱਲੇ ਦਿੱਲੀ ਵੱਲ ਰਵਾਨਾ ਹੋ ਗਈਆਂ। ਉਧਰੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਅਤੇ ਮੁਕਤਸਰ ਦੀਆਂ ਲੜਾਈਆਂ ਮਗਰੋਂ ਦਮਦਮਾ (ਤਲਵੰਡੀ ਸਾਬੋ) ਪਹੁੰਚ ਗਏ ਸਨ। ਇਸ ਦੌਰਾਨ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਸਰਹੰਦ ਵਿਖੇ ਸ਼ਹੀਦ ਹੋ ਚੁੱਕੇ ਸਨ ਅਤੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਸ਼ਹੀਦ ਹੋ ਚੁੱਕੇ ਸਨ। ਆਪ ਜੀ ਦੇ ਦਮਦਮਾ ਸਾਹਿਬ ਪਹੁੰਚਣ ਦੀ ਖ਼ਬਰ ਸੁਣ ਕੇ ਹਰ ਪਾਸੋਂ ਫਿਰ ਸੰਗਤਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਜੀ ਦਮਦਮਾ ਸਾਹਿਬ ਪਹੁੰਚਣ ਦੀ ਖ਼ਬਰ ਦਿੱਲੀ ਵਿਚ ਦੋਹਾਂ ਮਾਤਾਵਾਂ ਨੂੰ ਵੀ ਪਹੁੰਚੀ।

ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰ ਕੌਰ ਜੀ, ਭਾਈ ਮਨੀ ਸਿੰਘ ਅਤੇ ਮਾਮਾ ਕ੍ਰਿਪਾਲ ਸਿੰਘ ਸਮੇਤ ਦਮਦਮਾ ਸਾਹਿਬ ਪਹੁੰਚੇ ਤੇ ਪਤਾ ਲੱਗਾ ਕਿ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਚਾਰੋਂ ਸਹਿਬਜ਼ਾਦੇ ਮਾਤਾ ਗੁਜਰ ਕੌਰ ਜੀ ਅਤੇ ਅਨੇਕਾਂ ਹੋਰ ਸਿੰਘ ਕਿਸ-ਕਿਸ ਤਰ੍ਹਾਂ ਸ਼ਹੀਦੀਆਂ ਪਾ ਗਏ। ਦੋਹਾਂ ਮਾਤਾਵਾਂ ਨੂੰ ਜਿਥੇ ਗੁਰੂ ਮਹਾਰਾਜ ਨਾਲ ਫਿਰ ਮਿਲ ਪੈਣ ਦੀ ਖੁਸ਼ੀ ਸੀ, ਉਥੇ ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਲਈ ਸਾਹਿਬਜ਼ਾਦਿਆਂ ਅਤੇ ਪਿਆਰ ਤੇ ਕੁਰਬਾਨੀ ਦੀ ਮੂਰਤ ਮਾਤਾ ਗੁਜਰ ਕੌਰ ਜੀ ਦਾ ਵਿਛੋੜਾ ਅਸਹਿ ਸੀ। ਗੁਰੂ ਜੀ ਨੇ ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਨੂੰ ਧਰਿਜ ਦਿੱਤਾ ਅਤੇ ਕਿਹਾ:

ਇਨ ਪੁਤ੍ਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਅਕਤੂਬਰ 1706 ਨੂੰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਦੇ ਸੱਦੇ ਤੇ ਦੱਖਣ ਨੂੰ ਤੁਰੇ ਅਤੇ ਮਾਤਾਵਾਂ ਨੂੰ ਦਿੱਲੀ ਭੇਜ ਦਿੱਤਾ। ਅਜੇ ਗੁਰੂ ਸਾਹਿਬ ਰਸਤੇ ਵਿਚ ਹੀ ਸਨ ਤੇ ਪਤਾ ਲੱਗਾ ਕਿ ਔਰੰਗਜ਼ੇਬ ਮਰ ਗਿਆ ਹੈ। ਗੁਰੂ ਸਾਹਿਬ ਵਾਪਿਸ ਦਿੱਲੀ ਆ ਗਏ।

ਗੁਰੂ ਜੀ ਅਪ੍ਰੈਲ 1708 ਨੂੰ ਦੱਖਣ ਵੱਲ ਚਲੇ ਅਤੇ ਜੁਲਾਈ 1708 ਦੇ ਅੱਧ ਵਿਚ ਨਾਂਦੇੜ ਪਹੁੰਚੇ। ਮਾਤਾ ਸਾਹਿਬ ਕੌਰ ਜੀ ਵੀ ਆਪ ਜੀ ਨਾਲ ਹੀ ਸਨ। ਗੁਰੂ ਜੀ ਰਾਹ ਵਿਚ ਜਿਸ ਥਾਂ ਤੇ ਪੜਾਅ ਕਰਦੇ ਸਨ, ਉਥੇ ਦਰਸ਼ਨ ਕਰਨ ਆਈਆਂ ਸੰਗਤਾਂ ਵਿਚ ਚੋਖੀ ਗਿਣਤੀ ਇਸਤਰੀਆਂ ਦੀ ਹੁੰਦੀ ਸੀ। ਮਾਤਾ ਜੀ ਉਨ੍ਹਾਂ ਨੂੰ ਉਪਦੇਸ਼ ਦਿੰਦੇ ਅਤੇ ਸਿੱਖੀ ਧਾਰਨ ਲਈ ਪ੍ਰੇਰਿਤ ਕਰਦੇ।

ਗੁਰੂ ਜੀ ਨੇ ਨਾਂਦੇੜ ਪਹੁੰਚ ਕੇ ਗੁਦਾਵਰੀ ਦੇ ਕੰਢੇ ਤੇ ਇਕ ਰਮਣੀਕ ਜਿਹੀ ਥਾਂ ਵੇਖ ਕੇ ਉਥੇ ਟਿਕਾਣਾ ਕਰ ਲਿਆ। ਨਾਂਦੇੜ ਪਹੁਚ ਕੇ ਗੁਰੂ ਜੀ ਨੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਬੰਦਾ ਸਿੰਘ ਬਹਾਦਰ ਬਣਾ ਦਿੱਤਾ। ਆਪ ਜੀ ਨੇ ਉਸ ਨੂੰ ਖ਼ਾਲਸੇ ਦੀ ਤਾਬਿਆਦਾਰੀ ਵਿਚ ਜਥੇਦਾਰੀ ਸੌਂਪ ਕੇ ਪੰਜਾਬ ਵੱਲ ਰਵਾਨਾ ਕੀਤਾ ਤਾਂ ਕਿ ਉਹ ਗੁਰੂ ਘਰ ਦੇ ਦੋਖੀਆਂ ਨੂੰ ਯੋਗ ਸਜ਼ਾਵਾਂ ਦੇ ਸਕੇ ਅਤੇ ਜ਼ਾਲਮ ਹਕੂਮਤ ਦੇ ਖਾਤਮੇ ਲਈ ਸੰਘਰਸ਼ ਜਾਰੀ ਰੱਖ ਸਕੇ। ਇਥੇ ਹੀ ਗੁਰੂ ਸਾਹਿਬ ਜੀ 'ਤੇ ਡੂੰਘੇ ਖੰਜਰ ਦਾ ਵਾਰ ਹੋ ਗਿਆ। ਆਖਰ ਅੰਤਮ ਸਮਾਂ ਜਾਣ ਕੇ ਇਥੇ ਹੀ ਗੁਰੂ ਜੀ ਨੇ (ਸ਼ਬਦ-ਗੁਰੂ) ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਨੂੰ ਗੁਰਿਆਈ ਦੇ ਕੇ ਅਕਾਲ ਪੁਰਖ ਵੱਲੋਂ ਸੌਂਪੇ ਗਏ ਮਿਸ਼ਨ ਨੂੰ ਪੂਰਾ ਕੀਤਾ।

ਗੁਰੂ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਆਇਆ ਵੇਖ ਕੇ ਮਾਤਾ ਸਾਹਿਬ ਕੌਰ ਜੀ ਨੂੰ ਕੋਲ ਸੱਦਿਆ ਤੇ ਕਿਹਾ ਵਾਹਿਗੁਰੂ ਤੇ ਭਰੋਸਾ ਰੱਖਣਾ, ਉਸਨੂੰ ਸਦਾ ਯਾਦ ਕਰਨਾ ਅਤੇ ਆਪਣੇ ਨਾਦੀ ਪੁੱਤਰ ਖ਼ਾਲਸੇ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹਿਣਾ। ਗੁਰੂ ਜੀ ਨੇ ਸਮਝਾਇਆ ਕਿ ਅੱਗੋਂ ਸਮੇਂ ਬੜੇ ਭਿਆਨਕ ਆ ਰਹੇ ਹਨ, ਇਸ ਕਰਕੇ ਉਨ੍ਹਾਂ ਨੇ ਮਾਤਾ ਜੀ ਨੂੰ ਦਿੱਲੀ ਚਲੇ ਜਾਣ ਦਾ ਆਦੇਸ਼ ਦਿੱਤਾ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪੰਜ ਸ਼ਸਤਰ ਵੀ ਦਿੱਤੇ।

ਮਾਤਾ ਜੀ ਦਾ ਛੋਟਾ ਜਿਹਾ ਦਲ (ਜੱਥਾ) ਪਹਿਲੀ ਅਕਤੂਬਰ, 1708 ਨੂੰ ਨਾਂਦੇੜ ਤੋਂ ਦਿੱਲੀ ਲਈ ਰਵਾਨਾ ਹੋਇਆ।

ਸ਼ਸਤਰਾਂ ਬਾਰੇ: ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਜਿਹੜੇ ਪੰਜ ਸ਼ਸਤਰ ਆਪਣੇ ਕਮਰ ਕੱਸੇ ਨਾਲੋਂ ਖੋਲ੍ਹ ਕੇ ਦਿੱਤੇ ਸਨ, ਉਨ੍ਹਾਂ ਵਿਚ ਇਕ ਤਲਵਾਰ, ਇਕ ਦੋ-ਧਾਰੀ ਖੰਡਾ (ਤਲਵਾਰ ਦੀ ਸ਼ਕਲ ਦਾ) ਇਕ ਖੰਜਰ ਉਤੇ ਦੋ ਕਟਾਰਾਂ ਸ਼ਾਮਿਲ ਸਨ। ਅਸਲ ਵਿਚ ਇਹ ਸ਼ਸਤਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਨ, ਜੋ ਉਨ੍ਹਾਂ ਨੇ ਕਰਤਾਰਪੁਰ ਦੀ ਲੜਾਈ ਤੋਂ ਮਗਰੋਂ ਪ੍ਰਸੰਨ ਹੋ ਕੇ ਆਪਣੇ ਛੋਟੇ ਪੁੱਤਰ (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਨੂੰ ਦਿੱਤੇ ਸਨ। (ਗੁਰੂ) ਤੇਗ਼ ਬਹਾਦਰ ਸਾਹਿਬ ਜੀ ਕਰਤਾਰਪੁਰ ਦੀ ਲੜਾਈ ਵਿਚ ਬੜੀ ਬਹਾਦਰੀ ਨਾਲ ਲੜੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਸ਼ਸਤਰ ਉਨ੍ਹਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ

ਜੀ ਪਾਸੋਂ ਪ੍ਰਾਪਤ ਹੋਏ ਸਨ। ਮਾਤਾ ਸਾਹਿਬ ਕੌਰ ਜੀ ਨੇ ਇਨ੍ਹਾਂ ਸ਼ਸਤਰਾਂ ਨੂੰ ਆਪਣੇ ਜੀਵਨ ਦੇ ਅੰਤਲੇ ਸੁਆਸਾਂ ਤੱਕ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਆਪਣੇ ਪਾਸ ਰੱਖਿਆ ਸੀ।

ਦਿੱਲੀ ਵਿਚ ਮਾਤਾ ਜੀ ਦਾ ਟਿਕਾਣਾ: ਨਾਂਦੇੜ ਤੋਂ ਮਾਤਾ ਸਾਹਿਬ ਕੌਰ ਜੀ ਦੇ ਵਾਪਸ ਪਹੁੰਚਣ ਦੀ ਖ਼ਬਰ ਜਦੋਂ ਮਾਤਾ ਸੁੰਦਰ ਕੌਰ ਜੀ ਨੂੰ ਲੱਗੀ ਤਾਂ ਉਨ੍ਹਾਂ ਦੇ ਸੁਆਗਤ ਲਈ ਅੱਗੋਂ ਜਾ ਮਿਲੇ। ਇਹ ਦੋਵੇਂ ਮਾਤਾਵਾਂ ਕੇਵਲ 2 ਸਾਲ ਦਾ ਸਮਾਂ ਛੱਡ ਕੇ (ਜਦ ਉਹ ਮਥੁਰਾ ਜਾ ਕੇ ਠਹਿਰੇ) ਬਾਕੀ ਸਮਾਂ ਦਿੱਲੀ ਵਿਚ ਰਹੀਆਂ। ਸੰਗਤਾਂ ਪ੍ਰਤੀ ਮਾਤਾ ਜੀ ਦੀਆਂ 9 ਚਿੱਠੀਆਂ ਮਿਲਦੀਆਂ ਹਨ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਸੰਗਤਾਂ ਦੇ ਮਨ ਵਿਚ ਮਾਤਾ ਸਾਹਿਬ ਕੌਰ ਜੀ ਲਈ ਅਥਾਹ ਸ਼ਰਧਾ ਤੇ ਪ੍ਰੇਮ ਸੀ। ਇਸ ਚਿੱਠੀ ਵਿਚ ਭਾਈ ਮਾਨ ਸਿੰਘ ਜੀ ਨੂੰ ਇਹ ਆਦੇਸ਼ ਦਿੱਤਾ ਗਿਆ ਕਿ ਉਹ ਪਾਕਪਟਨ ਸ਼ੇਖ਼ ਫ਼ਰੀਦ ਵਿਚ ਇਕ ਖੂਹ ਬਣਵਾ ਦੇਣ, ਪੈਸੇ ਦਾ ਫਿਕਰ ਨਹੀਂ ਕਰਨਾ, ਜੋ ਕੁੱਝ ਲੱਗੇ ਸੋ ਸਰਕਾਰ ਦੇ (ਸਾਡੇ) ਲੇਖੇ ਦੇਣ। ਖੂਹ ਅੱਛਾ ਹੋਵੇ, ਜੋ ਗੁਰਸਿੱਖ ਮਾਈ-ਭਾਈ ਜਾਂ ਨਗਰਵਾਸੀ ਪਾਣੀ ਪੀਵੇਗਾ ਅਸੀਸਾਂ ਦੇਵੇਗਾ। ਮਾਤਾ ਜੀ ਵੱਲੋ ਗਰੀਬ ਬੱਚੀਆਂ ਦੇ ਵਿਆਹ ਲਈ ਦਿੱਤੀ ਸਹਾਇਤਾ ਦੇ ਵੀ ਸੰਕੇਤ ਮਿਲਦੇ ਹਨ। ਇਨ੍ਹਾਂ ਚਿੱਠੀਆਂ ਵਿਚ ਥਾਂ ਪਰ ਥਾਂ ਸਿੱਖ ਸੰਗਤਾਂ ਨੂੰ "ਖ਼ਾਲਸਾ" ਸ਼ਬਦ ਨਾਲ ਅਤੇ "ਮੇਰੇ ਪੁੱਤ ਫਰਜ਼ੰਦ" ਆਦਿ ਦੇ ਪਿਆਰ ਭਿੱਜੇ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ ਹੈ। "ਗੁਰੂ ਗੁਰੂ ਜਪਣਾ" ਅਤੇ ਪੰਥ ਦੇ ਕਾਰਜਾਂ ਲਈ ਦਸਵੰਧ ਕੱਢਣ ਦਾ ਅਦੇਸ਼ ਹੈ। ਉਨ੍ਹਾਂ ਦੀ ਨੇਕ ਕਮਾਈ ਵਿਚ ਬਰਕਤਾਂ ਲਈ ਅਸੀਸਾਂ ਹਨ।

ਮਾਤਾ ਸਾਹਿਬ ਕੌਰ ਅਤੇ ਮਾਤਾ ਸੁੰਦਰ ਕੌਰ ਜੀ ਦੇ ਆਪਸੀ ਸਬੰਧ ਬੜੇ ਚੰਗੇ ਤੇ ਪਿਆਰ ਵਾਲੇ ਸਨ। ਉਨ੍ਹਾਂ ਨੇ ਆਪਣਾ ਬਹੁਤਾ ਸਮਾਂ ਦੂਰ ਨੇੜੇ ਦੀਆਂ ਸੰਗਤਾਂ ਨਾਲ ਸੰਪਰਕ ਬਣਾਈ ਰੱਖਣ ਅਤੇ ਉਨ੍ਹਾਂ ਨੂੰ ਯੋਗ ਅਗਵਾਈ ਦੇਣ ਵਿਚ ਲਾਈ ਰਖਿਆ।

ਦੋਹਾਂ ਦਾ ਅੰਤਮ ਸਮਾਂ: ਮਾਤਾ ਸੁੰਦਰ ਕੌਰ ਜੀ 1747 ਈ. ਨੂੰ ਗੁਰਪੁਰੀ ਸਿਧਾਰੇ ਸਨ ਤੇ ਕੁੱਝ ਸਮਾਂ ਪਿੱਛੋਂ ਮਾਤਾ ਸਾਹਿਬ ਕੌਰ ਜੀ ਵੀ ਗੁਰਪੁਰੀ ਪਿਆਨੇ ਕਰ ਗਏ। ਦੋਹਾਂ ਮਾਤਾਵਾਂ ਦੀ ਯਾਦਗਾਰ ਦਿੱਲੀ ਵਿਖੇ ਗੁਰਦੁਆਰਾ ਬਾਲਾ ਸਾਹਿਬ (ਭੋਗਲ) ਵਿਖੇ ਸਥਾਪਿਤ ਹੈ।

-0-

10. ਭਾਈ ਗੁਰਦਾਸ ਜੀ

ਸਿੱਖਾਂ ਦਾ ਇਤਿਹਾਸ ਤਾਂ ਭਾਵੇਂ ਬਹੁਤ ਥੋੜ੍ਹੇ ਸਮੇਂ ਦਾ ਹੈ, ਪਰ ਇਹ ਕਈ ਮਹਾਂਪੁਰਖਾਂ, ਭਗਤਾਂ, ਸੂਰਮਿਆਂ ਅਤੇ ਵਿਦਵਾਨਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਦਾ ਜੀਵਨ ਪੜ੍ਹ ਕੇ ਅੱਜ ਤੱਕ ਸਿੱਖ ਅਤੇ ਗ਼ੈਰ ਸਿੱਖ ਉਤਸਾਹਤ ਹੁੰਦੇ ਤੇ ਆਪਣੇ ਜੀਵਨ ਨੂੰ ਸੇਧ ਦਿੰਦੇ ਹਨ ਅਤੇ ਆਪਣੇ ਸੁੱਖਾਂ ਨੂੰ ਤਿਆਗ ਕੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਸੇਵਾ ਲਈ ਆਪਣਾ ਜੀਵਨ ਅਰਪਨ ਕਰਦੇ ਰਹੇ ਹਨ। ਭਾਈ ਗੁਰਦਾਸ ਜੀ ਅਜਿਹੇ ਮਹਾਨ

ਵਿਅਕਤੀਆਂ ਵਿਚੋਂ ਇਕ ਸਨ। ਜਿਥੇ ਆਪ ਜੀ ਪੰਜਾਬੀ, ਸੰਸਕ੍ਰਿਤ, ਫ਼ਾਰਸੀ ਸਮੇਤ ਸੱਤ ਬੋਲੀਆਂ ਦੀ ਮੁਹਾਰਤ ਰੱਖਦੇ 'ਤੇ ਉੱਚ ਕੋਟੀ ਦੇ ਵਿਦਵਾਨ ਸਨ, ਉਥੇ ਸਿੱਖ ਪੰਥ ਦੇ ਪਹਿਲੇ ਫ਼ਿਲਾਸਫ਼ਰ ਅਤੇ ਇਤਿਹਾਸਕਾਰ ਵੀ ਮੰਨੇ ਜਾਂਦੇ ਹਨ।

ਭਾਈ ਗੁਰਦਾਸ ਜੀ ਗੁਰੂ ਅਮਰਦਾਸ ਸਾਹਿਬ ਜੀ ਦੇ ਭਤੀਜੇ ਅਤੇ ਈਸ਼ਰ ਦਾਸ ਜੀ ਦੇ ਪੁੱਤਰ ਸਨ। ਆਪ ਜੀ ਦਾ ਜਨਮ 1553 ਈ. ਦੇ ਆਸ-ਪਾਸ ਗੋਇੰਦਵਾਲ ਵਿਚ ਹੋਇਆ ਮੰਨਿਆ ਜਾਂਦਾ ਹੈ।

ਆਪ ਜੀ ਦਾ ਬਚਪਨ ਤੇ ਮੁੱਢਲਾ ਜੀਵਨ ਗੋਇੰਦਵਾਲ ਹੀ ਬੀਤਿਆ। ਆਪ ਜੀ ਨੇ ਮੁੱਢਲੀ ਵਿਦਿਆ ਵੀ ਇਥੇ ਹੀ ਪ੍ਰਾਪਤ ਕੀਤੀ। ਉਸ ਸਮੇਂ ਗੋਇੰਦਵਾਲ ਤੋਂ ਨੇੜੇ ਬਿਆਸ ਨਦੀਓਂ ਪਾਰ ਸੁਲਤਾਨਪੁਰ ਲੋਧੀ ਵਿਚ ਇਸਲਾਮੀ ਵਿਦਿਆ ਪੀਠ ਵੀ ਕਾਇਮ ਸੀ, ਜਿਸ ਵਿਚ ਬਾਦਸ਼ਾਹਜ਼ਾਦੇ, ਖਾਨਜ਼ਾਦੇ ਤੇ ਹੋਰ ਸਾਹਿਬਜ਼ਾਦੇ ਵੀ ਉੱਚ ਵਿਦਿਆ ਪ੍ਰਾਪਤ ਕਰ ਰਹੇ ਸਨ। ਸ਼ਾਹ ਜਹਾਨ ਬਾਦਸ਼ਾਹ ਦੇ ਪੁੱਤਰ-ਪੋਤਰੇ ਇਸੇ ਯੂਨੀਵਰਸਿਟੀ ਵਿਚ ਸੁਸਿਖਤ ਹੋਏ ਸਨ। ਹੋ ਸਕਦਾ ਹੈ ਭਾਈ ਸਾਹਿਬ ਨੇ ਭੀ ਅਰਬੀ, ਫ਼ਾਰਸੀ ਇਸੇ ਵਿਦਿਆ ਪੀਠ ਵਿਚ ਇਸਲਾਮ ਸਬੰਧੀ ਮੁੱਢਲੀ ਵਾਕਫੀਅਤ ਹਾਸਿਲ ਕੀਤੀ ਹੋਵੇ। ਜੂਨ 1566 ਈ. ਨੂੰ ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਜਾਂਦਾ ਹੋਇਆ 'ਗੋਇੰਦਵਾਲ' ਦੇ ਪਤਣੋਂ ਲੰਘਿਆ, ਤੇ ਗੁਰੂ ਅਮਰਦਾਸ ਜੀ ਦੇ ਦਰਸ-ਪਰਸ ਕਰਕੇ 'ਗੁਰ ਕੇ ਲੰਗਰ' ਦਾ ਉੱਤਮ ਪ੍ਰਬੰਧ ਵੇਖ ਕੇ ਬੜਾ ਖੁਸ਼ ਹੋਇਆ। ਅਕਬਰ ਦੀ ਇਸ ਮਿਲਣੀ ਨੇ ''ਬਾਬੇ ਕਿਆ ਅਰ ਬਾਬਰ ਕਿਆ'' ਦਾ ਧਾਰਮਿਕ ਮੇਲ-ਜੋਲ ਹੋਰ ਵੀ ਬਣਾ ਦਿੱਤਾ। 'ਨਿਰੰਕਾਰੀ ਧਰਮ' ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਦੇ ਖਿਆਲ ਨਾਲ ਬਾਦਸ਼ਾਹ, ਸਤਿਗੁਰਾਂ ਪਾਸੋਂ ਮੰਗ ਕੇ ਭਾਈ ਈਸ਼ਰ ਦਾਸ ਜੀ ਨੂੰ ਨਾਲ ਲੈ ਗਿਆ। ਇਸ ਤਰ੍ਹਾਂ ਭਾਈ ਗੁਰਦਾਸ ਕਿਸ਼ੋਰ ਅਵਸਥਾ ਵਿਚ ਹੀ ਪਿਤਾ ਦੇ ਅੰਗ-ਸੰਗ ਸ਼ਾਹੀ ਦਰਬਾਰ ਦੇ ਨਿਕਟ ਪਹੁੰਚ ਗਏ। ਮੁਗ਼ਲਈ ਮਰਯਾਦਾ ਦੇ ਰਾਜ ਪ੍ਰਬੰਧ ਦਾ ਵਿਸ਼ਾਲ ਗਿਆਨ, ਆਪ ਨੇ ਇਸੇ ਨੇੜੇ ਵਿਚ ਲਾਹੌਰ ਤੇ ਆਗਰੇ ਰਹਿ ਕੇ ਪ੍ਰਾਪਤ ਕੀਤਾ ਅਤੇ ਗੁਰਬਾਣੀ ਦੀ ਸੂਝ-ਬੂਝ ਪੰਚਮ ਪਾਤਸ਼ਾਹ ਅਤੇ ਬਾਬਾ ਬੁੱਢਾ ਜੀ ਵਰਗੇ ਗੁਰਮੁਖ ਪਿਆਰਿਆਂ ਦਾ ਸਤਸੰਗ ਕਰਕੇ ਹਾਸਲ ਕੀਤੀ।

ਸ਼ਰਧਾ, ਸੇਵਾ, ਲਗਨ, ਮਿੱਠੇ ਸੁਭਾਅ ਅਤੇ ਵਿਦਵਤਾ ਕਾਰਨ ਤੀਜੇ ਅਤੇ ਚੌਥੇ ਪਾਤਸਾਹ ਜੀ ਨੇ ਆਪ ਜੀ ਨੂੰ ਪ੍ਰਚਾਰਕ ਫੇਰੀਆਂ ਲਈ ਦੂਰ-ਦੂਰ ਭੇਜਿਆ। ਉਸ ਸਮੇਂ ਭਾਰਤ ਦੀ ਰਾਜਧਾਨੀ ਆਗਰਾ ਵਿਚ ਪ੍ਰਚਾਰ ਦੀ ਜ਼ਿੰਮੇਵਾਰੀ ਵੀ ਆਪ ਨੂੰ ਹੀ ਸੌਂਪੀ ਗਈ। ਧਾਰਮਿਕ ਸਹਿਣਸ਼ੀਲਤਾ ਦੀ ਬੁਨਿਆਦ ਤੇ ਅਧਾਰਿਤ ਅਕਬਰ ਨੇ ਨਵਾਂ ਮੱਤ ਦੀਨੇ ਇਲਾਹੀ ਤੋਰਿਆ, ਤਾਂ ਉਸਦੇ ਲਈ ਬੁਨਿਆਦੀ ਖਿਆਲ ਸਿੱਖ ਧਰਮ ਦੇ ਵਿਚੋਂ ਹੀ ਲਿਆ ਗਿਆ। ਅਕਬਰ ਦਾ ਵਜ਼ੀਰ ਅਬੁੱਲ ਫਜ਼ਲ ਭਾਈ ਗੁਰਦਾਸ ਜੀ ਨੂੰ ਮੌਜ ਪ੍ਰਕਾਸ਼ ਦੀ ਧਰਮਸਾਲ ਵਿਚ ਮਿਲਦਾ ਰਿਹਾ। ਭਾਈ ਗੁਰਦਾਸ ਜੀ 1578 ਈ. ਵਿਚ ਅਕਬਰ ਦੁਆਰਾ ਕਰਵਾਏ ਵਿਸ਼ਵ ਧਰਮ ਸੰਮੇਲਨ ਵਿਚ ਵੀ ਸਾਮਿਲ ਹੋਏ। ਆਗਰੇ ਨੂੰ ਕੇਂਦਰ ਬਣਾ ਕੇ ਭਾਈ ਸਾਹਿਬ ਨੇ ਅਵਧ, ਮੱਧ ਭਾਰਤ ਤੇ ਹੋਰ ਨਾਲ ਲਗਦੇ ਇਲਾਕੇ ਵਿਚ ਪ੍ਰਚਾਰ

ਕੀਤਾ ਅਤੇ ਫਤਿਹਪੁਰ ਸੀਕਰੀ, ਗਵਾਲੀਅਰ, ਉਜੈਨ, ਬੁਰਹਾਨਪੁਰ, ਲਖਨਊ ਅਤੇ ਜੌਨਪੁਰ ਆਦਿ ਥਾਂ ਤੇ ਪ੍ਰਚਾਰ ਕੇਂਦਰਾਂ ਦੀ ਸਥਾਪਨਾ ਕੀਤੀ।

ਚੌਥੇ ਪਾਤਸ਼ਾਹ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਗੁਰੂ ਅਰਜਨ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਸੰਗਤਾਂ ਸਮੇਤ ਅੰਮ੍ਰਿਤਸਰ ਆਏ। ਆਪ ਜੀ ਨੇ ਵੇਖਿਆ ਕਿ ਬਾਬਾ ਪ੍ਰਿਥੀ ਚੰਦ ਨਗਰ ਦੇ ਬਾਹਰ ਹੀ ਸੰਗਤਾਂ ਨੂੰ ਭਰਮਾ ਕੇ ਰੁਪਇਆ ਪੈਸਾ ਅਤੇ ਭੇਟਾਵਾਂ ਹੜੱਪ ਕਰ ਲੈਂਦਾ ਹੈ, ਜਿਸ ਦੇ ਸਿੱਟੇ ਵਜੋਂ ਗੁਰੂ ਕੇ ਲੰਗਰ ਵਿਚ ਨੌਬਤ ਮਿੱਸੇ ਪ੍ਰਸ਼ਾਦਿਆਂ ਤੱਕ ਆ ਗਈ ਹੈ ਅਤੇ ਖੁਦ ਗੁਰੂ ਪਰਿਵਾਰ ਸਿਰਫ਼ ਛੋਲਿਆਂ ਤੇ ਹੀ ਗੁਜ਼ਾਰਾ ਕਰ ਰਿਹਾ ਹੈ, ਤਾਂ ਆਪ ਜੀ ਨੇ ਬਾਬਾ ਬੁੱਢਾ ਜੀ ਤੇ ਹੋਰ ਮੁੱਖੀ ਸਿੱਖਾਂ ਨੂੰ ਨਾਲ ਲੈ ਕੇ ਸ਼ਹਿਰੋਂ ਬਾਹਰ ਹੀ ਸੰਗਤਾਂ ਨੂੰ ਪ੍ਰਿਥੀ ਚੰਦ ਦੀਆਂ ਚਾਲਾਂ ਤੋਂ ਜਾਣੂ ਕਰਵਾਉਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਜਲਦੀ ਹੀ ਸੰਗਤਾਂ ਸਮਝ ਗਈਆਂ ਅਤੇ ਗੁਰੂ ਘਰ ਫਿਰ ਚੜ੍ਹਦੀ ਕਲਾ ਵੱਲ ਜਾਣ ਲੱਗਾ। ਇਸ ਦੇ ਨਾਲ ਹੀ ਆਪ ਜੀ ਨੇ ਗੁਰੂ ਘਰ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਗੁਰੂ ਅਰਜਨ ਸਾਹਿਬ ਜੀ ਤੋਂ ਆਗਿਆ ਲੈ ਕੇ ਸਿੱਖਾਂ ਵਿਚ ਦਸਵੰਧ ਦੀ ਪਿਰਤ ਹੋਰ ਮਜ਼ਬੂਤ ਕੀਤੀ।

ਪਹਿਲੇ ਪਾਤਸ਼ਾਹ ਤੋਂ ਹੀ ਜਦੋਂ ਗੁਰਗੱਦੀ ਆਪਣੇ ਉਤਰਾਧਿਕਾਰੀ ਨੂੰ ਬਖਸ਼ਦੇ, ਤਾਂ ਪਹਿਲਾਂ ਤੋਂ ਇਕੱਠੀ ਕੀਤੀ ਹੋਈ ਬਾਣੀ ਅਤੇ ਆਪਣੀ ਰਚੀ ਹੋਈ ਬਾਣੀ ਦੀਆਂ ਪੋਥੀਆਂ ਵੀ ਨਾਲ ਹੀ ਸੌਂਪ ਦੇਂਦੇ ਸਨ। ਇਸ ਤਰ੍ਹਾਂ ਪੰਚਮ ਪਾਤਸ਼ਾਹ ਕੋਲ ਬਹੁਤ ਸਾਰੀ ਬਾਣੀ ਇਕੱਠੀ ਹੋਈ ਪਈ ਸੀ ਅਤੇ ਉਨ੍ਹਾਂ ਆਪ ਵੀ ਕਾਫੀ ਬਾਣੀ ਰਚੀ ਸੀ। ਸੋ ਬਾਣੀ ਦੇ ਇਸ ਖਜ਼ਾਨੇ ਨੂੰ ਰਾਗਾਂ ਅਨੁਸਾਰ ਤਰਤੀਬ ਦੇਣ ਦੀ ਯੋਜਨਾ ਬਣਾਈ ਗਈ, ਤਾਂ ਗੁਰੂ ਪਾਤਸ਼ਾਹ ਨੇ ਭਾਈ ਗੁਰਦਾਸ ਜੀ ਨੂੰ ਯੋਗ ਜਾਣ ਕੇ ਇਸ ਕੰਮ ਦੀ ਸੇਵਾ ਬਖਸ਼ੀ। ਭਾਈ ਸਾਹਿਬ ਅਤੇ ਹੋਰ ਗੁਰਸਿੱਖਾਂ ਨੇ ਗੁਰੂ ਸਾਹਿਬ ਜੀ ਦੀ ਨਿਗਰਾਨੀ ਹੇਠ ਬਾਣੀ ਦੀ ਸੰਪਾਦਨਾ ਦੇ ਮਹਾਨ ਕੰਮ ਦੀ ਸੇਵਾ ਨਿਭਾਈ।

ਬਾਣੀ ਸੰਪਾਦਨਾ ਤੋਂ ਬਾਅਦ ਬਾਦਸ਼ਾਹ ਅਕਬਰ ਨੂੰ ਕੁੱਝ ਝੋਲੀ ਚੁੱਕਾਂ, ਮੌਲਾਣਿਆਂ ਨੇ ਸ਼ਿਕਾਇਤ ਕੀਤੀ ਕਿ ਗ੍ਰੰਥ ਸਾਹਿਬ ਵਿਚ ਇਸਲਾਮ ਅਤੇ ਮੁਹੰਮਦ ਸਾਹਿਬ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਅਕਬਰ ਦੇ ਕਹਿਣ ਤੇ ਭਾਈ ਗੁਰਦਾਸ ਜੀ ਗ੍ਰੰਥ ਸਾਹਿਬ ਲੈ ਕੇ ਬਟਾਲੇ ਗਏ ਅਤੇ ਭਾਈ ਗੁਰਦਾਸ ਜੀ ਨੇ ਅਕਬਰ ਨੂੰ ਬਾਣੀ ਪੜ੍ਹ ਕੇ ਸੁਣਾਈ। ਪਹਿਲਾ ਸ਼ਬਦ ''ਖਾਕ ਨੂਰ ਕਰਦੰ ਆਲਮ ਦੁਨੀਆਇ'' ਆਇਆ ਅਤੇ ਭਾਈ ਸਾਹਿਬ ਨੇ ਅਕਬਰ ਨੂੰ ਇਸ ਦੀ ਅਤੇ ਹੋਰ ਵੀ ਕਈ ਸ਼ਬਦਾਂ ਦੀ ਵਿਆਖਿਆ ਕਰਕੇ ਸੁਣਾਈ, ਤਾਂ ਅਕਬਰ ਦੀ ਤਸੱਲੀ ਹੋ ਗਈ।, ਜਿਸ ਤੇ ਉਸਨੇ 'ਗ੍ਰੰਥ ਸਾਹਿਬ' ਨੂੰ 51 ਮੋਹਰਾਂ ਭੇਟਾ ਕੀਤੀਆਂ ਅਤੇ ਸੀਸ ਨਿਵਾਇਆ।

ਅਕਬਰ ਮਗਰੋਂ ਜਹਾਂਗੀਰ ਗੱਦੀ ਤੇ ਬੈਠਾ, ਤਾਂ ਜਾਤ ਅਭਿਮਾਨੀ ਪੰਡਤਾਂ ਅਤੇ ਕੱਟੜ ਮੌਲਾਣਿਆਂ ਦੀ ਚੁੱਕ ਵਿਚ ਆ ਕੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਵਰਗੀ ਗਲਤੀ ਕਰ ਬੈਠਾ। ਭਾਈ ਗੁਰਦਾਸ ਜੀ ਨੇ ਸ਼ਹੀਦੀ ਦੀ ਇਸ ਦੁਖਦਾਈ ਘਟਨਾ ਨੂੰ ਅੱਖੀਂ

ਵੇਖਿਆ। ਸ਼ਹਦੀ ਤੋਂ ਪਹਿਲਾਂ ਹੀ ਪੰਚਮ ਪਾਤਸ਼ਾਹ ਗੁਰਗੱਦੀ ਦੀ ਵਾਗ-ਡੋਰ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਗਏ ਸਨ। ਉਹਨਾਂ ਦੇ ਨਾਲ ਗੁਰੂ ਘਰ ਦਾ ਬਹੁਤਾ ਕੰਮ ਕਾਜ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨਿਭਾਉਂਦੇ ਰਹੇ। ਆਪ ਜੀ ਨੂੰ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਸੇਵਾਦਾਰ ਵੀ ਥਾਪਿਆ ਗਿਆ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੌਲਵੀਆਂ, ਕਾਜ਼ੀਆਂ ਦੇ ਗੁਰੂ ਘਰ ਦੀ ਖਿਲਾਫਤ ਕਾਰਨ ਜਹਾਂਗੀਰ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰਨਾ ਪਿਆ ਤਾਂ ਅੰਮ੍ਰਿਤਸਰ ਤੋਂ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਹੀ ਕੁੱਝ ਸਿੱਖਾਂ ਨੇ ਗਵਾਲੀਅਰ ਜਾ ਕੇ ਗੁਰੂ ਸਾਹਿਬ ਨਾਲ ਵਿਚਾਰਾਂ ਕਰਕੇ ਵਾਪਸ ਆ ਕੇ ਗੁਰੂ ਘਰ ਪ੍ਰਤੀ ਆਪਣਾ ਫਰਜ਼ ਨਿਭਾਉਂਦੇ ਰਹੇ। ਗੁਰੂ ਸਾਹਿਬ ਜੀ ਨੇ ਆਪ ਨੂੰ ਕਾਬਲ ਤੋਂ ਵਧੀਆ ਘੋੜੇ ਖਰੀਦਣ ਲਈ ਭੇਜਿਆ, ਤਾਂ ਆਪ ਜੀ ਨੇ ਇਕ ਵਧੀਆ ਸੌਦਾਗਰ ਦੀ ਤਰ੍ਹਾਂ ਇਸ ਕੰਮ ਨੂੰ ਨਿਭਾਇਆ। 1634 ਈ. ਵਿਚ ਲਾਹੌਰ ਦੀ ਹਕੂਮਤ ਨੂੰ ਅੰਮ੍ਰਿਤਸਰ ਦੇ ਯੁੱਧ ਵਿਚ ਹਰਾ ਕੇ ਅਤੇ ਬੀਬੀ ਵੀਰੋ ਜੀ ਦੇ ਅਨੰਦ ਕਾਰਜ ਉਪਰੰਤ ਗੁਰੂ ਸਾਹਿਬ ਪ੍ਰਚਾਰ ਦੌਰੇ ਤੇ ਮਾਲਵੇ ਨੂੰ ਨਿਕਲੇ। ਉਸ ਸਮੇਂ ਭਾਈ ਸਾਹਿਬ ਜੀ ਗੁਰੂ ਸਾਹਿਬ ਪਾਸੋਂ ਆਗਿਆ ਲੈ ਕੇ ਗੋਇੰਦਵਾਲ ਆ ਟਿਕੇ, ਕਿ ਮੈਂ ਬਿਰਦ ਹੋ ਗਿਆ ਹਾਂ। ਜੁਲਾਈ 1636 ਵਿਚ ਗੁਰੂ ਹਰਿਗੋਬਿੰਦ ਸਾਹਿਬ ਪ੍ਰਚਾਰ ਦੌਰੇ ਤੇ ਗੋਇੰਦਵਾਲ ਆਏ ਹੋਏ ਸਨ। ਅੰਮ੍ਰਿਤ ਵੇਲੇ ਇਕ ਦਿਨ ਨਿੱਤਨੇਮ ਤੋਂ ਬਾਅਦ ਆਪ ਜੀ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਹੀ ਸਰੀਰ ਤਿਆਗ ਦਿੱਤਾ। ਗੁਰੂ ਜੀ ਨੇ ਆਪ ਭਾਈ ਸਾਹਿਬ ਦਾ ਸੰਸਕਾਰ ਕੀਤਾ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖ ਕੇ ਫੁਰਮਾਇਆ:

ਮਹਿ ਮੰਡਲ ਮਹਿ ਜਸੁ ਵਿਸਥਾਰਾ। ਪਾਇ ਪਰਮਗਤ ਪੰਥ ਪਧਾਰਾ।
ਚਿਰੰਕਾਲ ਤੇਰੋ ਰਹਿ ਨਾਮੂ। ਜਾਨਗਿਹ ਗੁਰੂ ਪੰਥ ਅਭਿਰਾਮੂ।
(ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਗੁਰਦਾਸ ਜੀ, ਰਾਸ-1,ਅੰਸੁ-14)

ਭਾਈ ਗੁਰਦਾਸ ਜੀ ਨੇ ਵਾਰਾਂ ਦੀ ਰਚਨਾ ਕੀਤੀ, ਜਿਸ ਵਿਚ ਪਹਿਲੇ ਛੇ ਗੁਰੂ ਸਾਹਿਬਾਨ ਜੀ ਦਾ ਇਤਿਹਾਸ ਵੀ ਉਪਲਬਧ ਹੈ। ਕਾਸ਼ੀ ਦੇ ਦੌਰੇ ਦੌਰਾਨ ਆਪ ਨੇ ਬ੍ਰਿਜ ਭਾਸ਼ਾ ਵਿਚ ਕਬਿੱਤਾਂ ਦੀ ਰਚਨਾ ਕੀਤੀ।

ਸ਼ਖਸੀਅਤ: ਉਨ੍ਹਾਂ ਦੀ ਕਲਾਤਮਿਕ ਪ੍ਰਤਿਭਾ ਅਤੇ ਅਨੁਭਵੀ ਸ਼ਖਸੀਅਤ ਦਾ ਹੀ ਕਮਾਲ ਸੀ ਕਿ ਜਿਹੜਾ ਵੀ ਕਾਰਜ ਛੋਹਿਆ, ਸਿਖਰ ਤੇ ਪਹੁੰਚਾ ਦਿੱਤਾ। ਉਹ ਇਕ ਸਫਲ ਪ੍ਰਚਾਰਕ, ਲਿਖਾਰੀ, ਵਿਦਵਾਨ, ਪ੍ਰਬੰਧਕ ਅਤੇ ਸੌਦਾਗਰ ਸਨ। ਆਪ ਜੀ ਨੂੰ ਗੁਰਮਤਿ ਦੇ ਪਹਿਲੇ ਵਿਆਖਿਆਕਾਰ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਸਾਹਿਬ ਜੀ ਦੀ ਨੁਹਾਰ ਬਚਪਨ ਤੋਂ ਹੀ ਪ੍ਰਭਾਵਸ਼ਾਲੀ, ਅਲੌਕਿਕ ਤੇ ਮਨਮੋਹਣੀ ਸੀ। ਸਰੀਰ ਗਠੀਲਾ ਅਤੇ ਚੁਸਤ ਸੀ। ਆਪ ਜੀ ਦਾ ਸੁਭਾਅ ਆਪ ਜੀ ਦੀ ਰਚਨਾ ਵਿਚੋਂ ਹੀ ਜ਼ਾਹਿਰ ਹੋ ਜਾਂਦਾ ਹੈ। ਜਿਥੇ ਆਪ ਜੀ ਮਿੱਠ ਬੋਲੜੇ, ਨਿਮਰ ਅਤੇ ਵਿਦਵਾਨ ਸਨ, ਉਥੇ ਦ੍ਰਿੜ੍ਹਤਾ ਵੀ ਆਪ ਦੇ ਸੁਭਾਅ ਦਾ ਖਾਸ ਅੰਗ ਸੀ।

ਭਾਈ ਗੁਰਦਾਸ ਜੀ ਬਹੁਪੱਖੀ ਗਿਆਨ ਦੇ ਪੁੰਜ ਸਨ, ਆਪ ਜੀ ਦੀਆਂ ਵਾਰਾਂ ਪੜ੍ਹਨ

ਤੋ ਪਤਾ ਲੱਗਦਾ ਹੈ ਕਿ ਆਪ ਜੀ ਜਿਥੇ ਵੇਦਾਂ, ਸ਼ਾਸ਼ਤਰਾਂ, ਪੁਰਾਣਾਂ, ਇਤਿਹਾਸ, ਭੂਗੋਲ, ਮਨੋਵਿਗਿਆਨ, ਚਰਿੱਤਰ ਅਤੇ ਵਕਤੀ ਕਦਰਾਂ-ਕੀਮਤਾਂ ਸਬੰਧੀ ਚੰਗੀ ਜਾਣਕਾਰੀ ਰੱਖਦੇ ਸਨ, ਉਥੇ ਆਪ ਜੀ ਕਵਿਤਾ ਦੀਆਂ ਵਿਧਾਨਿਕ ਬਾਰੀਕੀਆਂ ਨੂੰ ਵੀ ਚੰਗੀ ਤਰ੍ਹਾਂ ਸਮਝਦੇ ਸਨ। ਜਿਥੇ ਆਪ ਜੀ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਤੋਂ ਛੇਵੇਂ ਪਾਤਸ਼ਾਹ ਤੱਕ ਦਾ ਸੰਖੇਪ ਇਤਿਹਾਸ ਲਿਖ ਕੇ ਸਿੱਖ ਸਾਹਿਤ ਵਿਚ ਇਤਿਹਾਸ ਲਿਖਣ ਦੀ ਪ੍ਰੰਪਰਾ ਦਾ ਮੁੱਢ ਬੰਨਿਆ, ਉਥੇ ਨਾਲ ਹੀ ਪੂਰਬ ਪ੍ਰਚਲਿਤ ਮੱਤਾਂ ਦੀ ਤੁਲਨਾਂ ਵਿਚ ਗੁਰਸਿੱਖੀ ਦਾ ਸਿਧਾਂਤਕ ਅਤੇ ਅਮਲੀ ਨਿਖੇੜਾ ਇਤਨੀ ਬਾਰੀਕੀ ਪਰ ਸਪੱਸ਼ਟਤਾ ਸਾਹਿਤ ਕਰ ਗਏ ਕਿ ਇਹ ਹਮੇਸ਼ਾਂ ਲਈ ਗੁਰਬਾਣੀ ਦੇ ਨਾਂ ਨਾਲ ਗੁਰਸਿੱਖੀ ਵਿਆਖਿਆ ਦੀ ਪ੍ਰਮਾਣਿਕ ਕਸਵੱਟੀ ਤੇ ਰਾਹ ਦੱਸਣ ਦਾ ਕੰਮ ਕਰਦਾ ਰਹੇਗਾ। ਆਪ ਜੀ ਦੇ ਬਹੁਪੱਖੀ ਗਿਆਨ ਦਾ ਝਲਕਾਰਾ ਉਸ ਸਮੇਂ ਪੈਂਦਾ ਹੈ, ਜਦੋਂ ਆਪ ਜੀ ਕੋਈ ਗੱਲ ਸਮਝਾਉਣ ਲਈ ਦ੍ਰਿਸ਼ਟਾਤਾਂ ਦੀ ਝੜੀ ਹੀ ਲਾ ਦਿੰਦੇ ਹਨ। ਪਾਠਕ ਮੁਸ਼ਕਿਲ ਤੋਂ ਮੁਸ਼ਕਿਲ ਗੱਲ ਨੂੰ ਵੀ ਅਸਾਨੀ ਨਾਲ ਸਮਝ ਲੈਂਦਾ ਹੈ। ਭਾਈ ਸਾਹਿਬ ਆਪਣੀਆ ਰਚਨਾਵਾਂ ਦੁਆਰਾ ਗੁਰਮਤਿ ਅਤੇ ਮਨਮਤ ਦਾ ਨਖੇੜਾ ਇਸ ਖੂਬੀ ਨਾਲ ਕਰਦੇ ਜਿਵੇਂ ਹੰਸ ਪਾਣੀ ਅਤੇ ਦੁੱਧ ਦਾ ਨਿਖੇੜਾ ਕਰ ਦਿੰਦਾ ਹੈ।

ਭਾਈ ਗੁਰਦਾਸ ਜੀ ਦੀ ਤੀਖਣ ਸੋਚ, ਅਪਾਰ ਕਲਪਨਾ ਸ਼ਕਤੀ, ਅਮੁੱਕ ਸ਼ਬਦ ਭੰਡਾਰ ਅਤੇ ਬਿਬੇਕ ਬੁੱਧ ਮਿਲ ਕੇ ਆਪ ਜੀ ਨੂੰ ਇਕ ਅਜਿਹੇ ਪਾਰਦਰਸ਼ੀ ਵਿਦਵਾਨ ਦੇ ਰੂਪ ਵਿਚ ਪੇਸ਼ ਕਰਦੇ ਹਨ, ਜਿਸ ਦੀ ਨਜ਼ਰ ਮਿਸਾਲ ਵਜੋਂ ਆਈ ਹਰ ਚੀਜ਼ ਦਾ ਹਰ ਪੱਖ ਦੇਖ ਲੈਂਦੀ ਹੈ। ਆਪ ਜੀ ਹਰ ਚੀਜ਼ ਨੂੰ ਹਰ ਪੱਖ ਤੋਂ ਸਿਰਫ ਦੇਖਦੇ ਹੀ ਨਹੀਂ, ਸਗੋਂ ਹਰ ਪੱਖ ਤੋਂ ਬਿਆਨ ਵੀ ਕਰਨ ਦੀ ਸਮਰੱਥਾ ਰੱਖਦੇ ਸਨ। ਆਪ ਜੀ ਦੀ ਰਚਨਾ ਨੇ ਸਰਲ ਭਾਸ਼ਾ ਵਿਚ ਗੁਰਬਾਣੀ ਤੱਥਾਂ ਅਤੇ ਵਿਚਾਰਾਂ ਨੂੰ ਸਧਾਰਨ ਲੋਕਾਂ ਲਈ ਕਈ ਅਲੰਕਾਰਾਂ ਸਮੇਤ ਬਾਰ-ਬਾਰ ਦ੍ਰਿੜ੍ਹਉਣ ਦੀ ਕੋਸ਼ਿਸ਼ ਕੀਤੀ ਹੈ।

-0-

11. ਗਿਆਨੀ ਦਿੱਤ ਸਿੰਘ ਜੀ

ਵਿਰਲੇ ਹੁੰਦੇ ਹਨ ਜੋ ਆਪਣੀਆਂ ਸਰੀਰਕ ਅਤੇ ਪਰਿਵਾਰਕ ਲੋੜਾਂ ਨੂੰ ਇਸ ਹੱਦ ਤੱਕ ਘਟਾ ਲੈਂਦੇ ਹਨ ਕਿ ਆਤਮਿਕ ਤ੍ਰਿਪਤੀ ਹੀ ਉਨ੍ਹਾਂ ਲਈ ਇਕ ਮਾਤਰ ਲੋੜ ਰਹਿ ਜਾਂਦੀ ਹੈ 'ਤੇ ਫਿਰ ਜਿਸ ਨੂੰ ਆਤਮਿਕ ਤ੍ਰਿਪਤੀ ਦੀ ਪਿਆਸ ਲੱਗ ਜਾਵੇ, ਉਹ ਆਪਣੇ ਮੂਲ ਨੂੰ ਪਛਾਣ ਲੈਣ ਲਈ ਅਤੇ ਉਸ ਨਾਲ ਇਕਮਿਕ ਹੋ ਜਾਣ ਲਈ ਪਾਣੀ ਦੀ ਤਰ੍ਹਾਂ ਹੀ ਲਗਾਤਾਰ ਨਿਵਾਣ ਵੱਲ ਵਹਿੰਦਾ ਹੋਇਆ ਆਪਣੇ ਮੂਲ, ਸਾਗਰ ਵਿਚ ਜਾ ਮਿਲਦਾ ਹੈ। ਇਹੋ ਜਿਹੇ ਮਹਾਨ ਵਿਅਕਤੀਆਂ ਦਾ ਸਾਰਾ ਜੀਵਨ ਲਗਾਤਾਰ ਸੰਘਰਸ਼ ਉੱਤੇ ਟਿਕਿਆ ਹੁੰਦਾ ਹੈ। ਕਿਤੇ ਵੀ ਖੜੋਤ ਨਹੀਂ। ਜਦੋਂ ਕਦੀ ਉਹ ਸਰੀਰਕ ਤੌਰ ਤੇ ਆਰਾਮ ਕਰ ਰਹੇ ਨਜ਼ਰ ਆ ਵੀ ਰਹੇ ਹੋਣ, ਉਦੋਂ ਵੀ ਉਨ੍ਹਾਂ ਦੀ ਚੇਤਨਾ, ਮਨ, ਆਤਮਾ ਕਿਸੇ ਨਾ ਕਿਸੇ ਮਨੁੱਖੀ ਭਲਾਈ ਦੇ ਕੰਮ ਵਿਚ ਹੀ ਲੱਗੇ ਹੁੰਦੇ ਹਨ। ਇਹਨਾਂ ਬਾਰੇ ਭਾਈ ਵੀਰ ਸਿੰਘ ਜੀ

ਕਹਿੰਦੇ ਹਨ:

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਦੀ ਨੀਂਦਰ, ਉਹ ਦਿਨੇ ਰਾਤ ਪਏ ਵਹਿੰਦੇ।
ਇਕੋ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨਾ ਕੋਈ, ਚਾਲ ਪਏ ਨਿੱਤ ਰਹਿੰਦੇ।

ਐਸੇ ਵਿਰਲਿਆਂ ਵਿਚੋਂ ਹੀ ਇਕ ਸਨ, ਗਿਆਨੀ ਦਿੱਤ ਸਿੰਘ ਜੀ। ਸਿੱਖ ਕੌਮ ਦੇ ਬਹੁਮੁੱਲੇ ਹੀਰਿਆ ਵਿਚੋਂ ਇਕ ਅਜੋੜ ਹੀਰਾ। ਹਰ ਕੋਣ ਤੋਂ ਜਿਸ ਆਪਣੇ ਆਪ ਨੂੰ ਲਗਾਤਾਰ ਸੰਘਰਸ਼ਾਂ ਰਾਹੀਂ ਘੜਿਆ ਤੇ ਫਿਰ ਐਸਾ ਘੜਿਆ ਹੋਇਆ ਆਪਾ ਸਦਾ ਲਈ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਨੂੰ ਪ੍ਰਚਾਰਨ ਵਿਚ ਲਾ ਦਿੱਤਾ।

ਐਸੇ ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850 ਨੂੰ ਪਿੰਡ ਕਲੌੜ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਭਾਈ ਦੀਵਾਨ ਸਿੰਘ ਦੇ ਘਰ ਹੋਇਆ। ਆਪ ਜੀ ਦੇ ਪਿਤਾ ਦਾ ਪਿਤਾ-ਪੁਰਖੀ ਕਿੱਤਾ ਭਾਵੇਂ ਕਪੜਾ ਬੁਨਣਾ ਸੀ ਅਤੇ ਆਪ ਜੀ ਜੁਲਾਹਾ ਸ਼੍ਰੇਣੀ ਵਿਚੋਂ ਸਨ, ਪਰ ਗਿਆਨ ਪ੍ਰਾਪਤੀ ਦੇ ਅਤੇ ਗਿਆਨ ਵੰਡਣ ਦੇ ਚਾਹਵਾਨ ਆਪ ਦੇ ਪਿਤਾ ਨੇ ਆਪ ਜੀ ਨੂੰ ਬਚਪਨ ਤੋਂ ਹੀ ਸੰਤਾਂ ਮਹਾਤਾਵਾਂ ਕੋਲ ਗਿਆਨ ਪ੍ਰਾਪਤੀ ਲਈ ਭੇਜ ਦਿੱਤਾ। ਅਲੱਗ-ਅਲੱਗ ਸੰਤਾਂ ਮਹਾਤਾਵਾਂ ਕੋਲ ਰਹਿੰਦਿਆਂ ਆਪ ਜੀ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਗ੍ਰੰਥਾਂ ਦੇ ਚੰਗੇ ਜਾਣਕਾਰ ਹੋ ਗਏ। ਬਹੁਤ ਛੋਟੀ ਉਮਰ ਵਿਚ ਹੀ ਆਪ ਆਪਣੇ ਪਿਤਾ ਦੀ ਤਰ੍ਹਾਂ ਲੋਕਾਂ ਨੂੰ ਉਪਦੇਸ਼ ਦੇਣ ਲੱਗ ਪਏ। ਸ਼ੁਰੂ ਤੋਂ ਹੀ ਗਿਆਨ ਭਰਪੂਰ ਹੋਣ ਕਾਰਨ ਆਪ ਜੀ ਦੀਆਂ ਦਲੀਲਾਂ ਸਦਾ ਅਕੱਟ ਹੁੰਦੀਆਂ। ਇਸੇ ਗੁਣ ਅਤੇ ਗਿਆਨ ਸਦਕਾ ਆਪ ਜੀ ਨੇ ਆਪਣੇ ਸਮੇਂ ਦੇ ਪ੍ਰਸਿੱਧ ਆਰੀਆ ਸਮਾਜੀ ਸਾਧੂ ਦਿਆ ਨੰਦ ਨੂੰ ਇਕ ਨਹੀਂ, ਦੋ ਨਹੀਂ, ਸਗੋਂ ਤਿੰਨ ਵਾਰ ਆਮ ਲੋਕਾਂ ਸਾਹਮਣੇ ਆਪਣੀਆਂ ਅਕੱਟ ਦਲੀਲਾਂ ਨਾਲ ਨਿਰੁਤਰ ਕੀਤਾ। ਸਾਹਿਤਕਾਰ, ਗੁਰਮਤਿ ਪ੍ਰਚਾਰਕ ਅਤੇ ਸਮਾਜ ਸੁਧਾਰਕ ਹੋਣ ਵਜੋਂ ਆਪ ਜੀ ਨੇ ਸਾਹਿਤ ਦੇ ਤਕਰੀਬਨ ਹਰ ਰੂਪ ਨੂੰ ਆਪਣੀ ਕਲਮ ਦੀ ਛੋਹ ਦਿੱਤੀ। ਜਿਨ੍ਹਾਂ ਵਿਸ਼ਿਆਂ ਨੂੰ ਆਪ ਜੀ ਨੇ ਛੋਹਿਆ ਉਹ ਹੇਠ ਲਿਖੇ ਹਨ:

(1) ਕਿੱਸਾ ਕਾਵਿ (2) ਸਿੱਖੀ ਦੀ ਮਹਾਨਤਾ (3) ਗੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ (4) ਪਾਖੰਡ, ਸਮਾਜਿਕ ਵਹਿਮ-ਭਰਮ, ਧਾਰਮਿਕ ਕੁਰੀਤੀਆਂ (5) ਗੁਰਬਾਣੀ ਵਿਆਖਿਆ (6) ਸਿੱਖ ਸ਼ਹੀਦੀਆਂ (ਇਤਿਹਾਸਕ) (7) ਪੱਤਰਕਾਰੀ

ਕੋਈ 52 ਦੇ ਕਰੀਬ ਆਪ ਜੀ ਦੀਆਂ ਛੋਟੀਆਂ-ਵੱਡੀਆਂ ਪੁਸਤਕਾਂ ਪੰਜਾਬੀ ਧਾਰਮਿਕ ਅਤੇ ਸਮਾਜਿਕ ਸਾਹਿਤ ਦਾ ਨਿੱਗਰ ਹਿੱਸਾ ਹਨ। ਜਿਨ੍ਹਾਂ ਵਿਚ ਪ੍ਰਮੁੱਖ ਦੁਰਗਾ ਪ੍ਰਬੋਧ, ਗੁੱਗਾ ਗਪੋੜਾ ਤੇ ਸੁਲਤਾਨ ਪੁਆੜਾ, ਸਾਧੂ ਦਿਆ ਨੰਦ ਨਾਲ ਮੇਰਾ ਸੰਵਾਦ, ਪੰਮਾ ਪ੍ਰਬੋਧ, ਨਕਲੀ ਸਿੱਖ ਪ੍ਰਬੋਧ ਹਨ। ਵੈਸੇ ਤਾਂ ਆਪ ਜੀ ਦੀ ਹਰ ਰਚਨਾ ਵਿਚੋਂ ਹੀ ਆਪ ਜੀ ਦੇ ਅਦੁੱਤੀ ਗਿਆਨ ਦੀ ਝਲਕ ਮਿਲਦੀ ਹੈ, ਪਰ ਸਾਧੂ ਦਿਆ ਨੰਦ ਨਾਲ ਹੋ ਚੁੱਕੇ ਆਪਣੇ ਸਾਰੇ ਸੰਵਾਦ ਨੂੰ ਜਦੋਂ ਆਪ ਜੀ ਕਲਮ ਰਾਹੀਂ ਚਿਤਰਦੇ ਹਨ, ਤਾਂ ਪਾਠਕ ਹੂ-ਬ-ਹੂ ਦੋਹਾਂ

ਦੀ ਹੋ ਰਹੀ ਚਰਚਾ ਦੇ ਵਿਚਾਲੇ ਖੜਾ ਹੀ ਆਪਣੇ ਆਪ ਨੂੰ ਮਹਿਸੂਸ ਕਰਦਾ ਹੈ। ਆਰੀਆ ਸਮਾਜ ਦੇ ਪ੍ਰਭਾਵ ਨੂੰ ਕਬੂਲ ਕੇ ਆਰੀਆ ਸਮਾਜੀ ਹੀ ਹੋ ਚੁੱਕੇ ਇਸ ਸੁਧਾਰਵਾਦੀ ਵਿਦਵਾਨ ਦੇ ਸਾਧੂ ਦਿੱਤ ਰਾਮ ਤੋਂ ਗਿਆਨ ਦਿੱਤ ਸਿੰਘ ਬਣ ਕੇ ਸਿੰਘ ਸਭਾ ਲਹਿਰ ਦੇ ਬਾਨੀ ਬਨਣ ਅਤੇ ਸਾਧੂ ਦਿਆ ਨੰਦ ਨੂੰ ਬਹਿਸਾਂ ਵਿਚ ਹਰਾਉਣ ਵਿਚ ਆਪ ਜੀ ਦੇ ਉਦਾਰਵਾਦੀ ਵਿਚਾਰਾਂ, ਤੱਤ ਨੂੰ ਪਛਾਨਣ ਤਕ ਲਗਾਤਾਰ ਤੁਰਦੇ ਜਾਣ ਦਾ ਸੰਘਰਸ਼ ਅਤੇ ਪ੍ਰੋਫੈਸਰ ਗਿਆਨੀ ਗੁਰਮੁਖ ਸਿੰਘ ਜਿਹੇ ਸੱਜਣਾਂ ਦਾ ਪਿਆਰ ਭਰਿਆ ਹੱਥ ਰਿਹਾ।

ਸਿੱਖ ਪੰਥ ਨੂੰ ਪ੍ਰੋ. ਗੁਰਮੁਖ ਸਿੰਘ ਜੀ ਦਾ ਇਹ ਉਪਕਾਰ ਹੀ ਮੰਨਣਾ ਚਾਹੀਦਾ ਹੈ, ਜਿਨ੍ਹਾਂ ਨੇ ਪ੍ਰਤਿਭਾ ਵਾਲੇ ਅਤੇ ਵਿਦਵਤਾ ਦੇ ਭੰਡਾਰ ਸਾਧੂ ਦਿੱਤ ਰਾਮ ਨੂੰ ਭਾਈ ਦਿੱਤ ਸਿੰਘ ਗਿਆਨੀ ਦੇ ਰੂਪ ਵਿਚ ਉਘਾੜ ਕੇ ਸਿੱਖ ਪੰਥ ਦਾ ਸ਼ਿੰਗਾਰ ਬਣਾਇਆ। ਆਰੀਆ ਸਮਾਜ ਹਿੰਦੂ ਮੱਤ ਵਿਚੋਂ ਹੀ ਪੈਦਾ ਹੋਈ ਐਸੀ ਜਮਾਤ ਹੈ, ਜਿਸ ਦਾ ਮੂਲ ਉਦੇਸ਼ ਪੁਰਾਣੇ ਵੈਦਿਕ ਧਰਮ ਅਤੇ ਆਰੀਆ ਦੇ ਸਮੇਂ ਦੀ ਸਭਿਅਤਾ ਦੀ ਬਹਾਲੀ ਵਾਲਾ ਸਮਜਾ ਰਚਣਾ ਹੈ। ਕਿਉਂਕਿ ਇਹ ਜਮਾਤ ਮੂਰਤੀ ਪੂਜਾ, ਬ੍ਰਹਾਮਣੀ ਕਰਮਕਾਂਡਾਂ ਦੇ ਵਿਰੋਧ ਵਿਚ ਹੈ, ਇਸ ਲਈ ਜਲੰਧਰ, ਅੰਮ੍ਰਿਤਸਰ ਅਤੇ ਲਾਹੌਰ ਵਰਗੇ ਵੱਡੇ ਸ਼ਹਿਰਾਂ ਵਿਚ ਬਣੇ ਇਸਦੇ ਮੁੱਖ ਕੇਂਦਰਾਂ ਵਿਚ ਕਈ ਸਿੱਖਾਂ ਨੇ ਵੀ ਮੁਖੀ ਬਣ ਕੇ ਵੱਧ ਚੜ੍ਹ ਕੇ ਕੰਮ ਕੀਤਾ। ਸਿੱਖ ਮੁਖੀਆਂ ਨੇ ਪ੍ਰਸਿੱਧ ਆਰੀਆ ਸਮਾਜੀ ਸਾਧੂ ਦਿਆ ਨੰਦ ਨੂੰ ਪੰਜਾਬ ਬੁਲਾਇਆ। ਸਾਧੂ ਦਿੱਤ ਰਾਮ ਵੀ ਉਦੋਂ ਆਰੀਆ ਸਮਾਜੀ ਸਨ ਅਤੇ ਸਾਧੂ ਦਿਆ ਨੰਦ ਦੇ ਆਉਣ ਤੇ ਆਪ ਨੇ ਵੀ ਆਪਣਾ ਭਾਸ਼ਣ ਪੰਜਾਬੀ ਵਿਚ ਦਿੱਤਾ ਸੀ। ਉਸ ਤੋਂ ਬਾਅਦ ਤਿੰਨ ਵਾਰ ਹਿੰਦੂ ਮੁਲਮਾਨਾਂ ਦੇ ਇਕੱਠ ਵਿਚ ਆਪ ਜੀ ਨੇ ਸ਼ਾਧੂ ਦਿਆ ਨੰਦ ਦੇ ਧੁਰੰਤਰ ਵਿਦਵਾਨ ਹੋਣ ਦਾ ਪੋਲ ਜਦੋਂ ਆਪਣੀਆਂ ਅਕੱਟ ਦਲੀਲਾਂ ਨਾਲ ਖੋਲ੍ਹਿਆ, ਤਾਂ ਆਮ ਲੋਕਾਂ ਵਿਚ ਆਪ ਜੀ ਦਾ ਸਤਿਕਾਰ ਬਹੁਤ ਵੱਧ ਗਿਆ। ਆਪ ਜੀ ਉਦੋਂ ਵੀ ਸਿੱਖ ਸਰੂਪ ਦੇ ਧਾਰਣੀ ਸਨ, ਪਰ ਸਿੰਘ ਸਭੀਏ ਬਨਣ ਤੇ ਤਾਂ ਆਪ ਦੀ ਕਾਇਆ ਹੀ ਪਲਟ ਗਈ।

ਜਦੋਂ ਭਾਈ ਦਿੱਤ ਸਿੰਘ ਜੀ ਓਰੀਐਂਟਲ ਕਾਲਜ ਲਾਹੌਰ ਵਿਖੇ ਦੁਨੀਆਂ ਦੇ ਪਹਿਲੇ ਪੰਜਾਬੀ ਪ੍ਰੋਫੈਸਰ ਵਜੋਂ ਕੰਮ ਕਰ ਰਹੇ ਸਨ, ਤਾਂ ਹੀ ਆਪ ਜੀ ਦਾ ਮੇਲ ਪ੍ਰੋ. ਗੁਰਮੁਖ ਸਿੰਘ ਜੀ ਨਾਲ ਹੋਇਆ, ਜਿਨ੍ਹਾਂ ਦੀ ਪ੍ਰੇਰਣਾ ਤੋਂ ਆਪ ਜੀ ਅੰਮ੍ਰਿਤਧਾਰੀ ਸਜ ਗਏ। ਇਸ ਨਾਲ ਆਪ ਜੀ ਦੀ ਵਿਦਵਤਾ ਅਤੇ ਲਿਆਕਤ ਸਿੱਖੀ ਦੇ ਮੁਰਝਾ ਰਹੇ ਬੂਟੇ ਨੂੰ ਵੱਧ ਤੋਂ ਵੱਧ ਹਰਾ ਰੱਖਣ ਦੇ ਕੰਮ ਆਈ। ਪ੍ਰੋ. ਗੁਰਮੁਖ ਸਿੰਘ ਜੀ ਰਾਹੀਂ ਸਿੰਘ ਸਭਾ ਵਿਚ ਆਪਦੇ ਪ੍ਰਵੇਸ਼ ਤੇ ਕੁੱਝ ਚਿਰ ਬਾਅਦ ਹੀ ਬਾਬਾ ਖੇਮ ਸਿੰਘ ਬੇਦੀ ਵਰਗੇ ਪਿਤਾ-ਪੁਰਖੀ ਵਿਰਸੇ ਅਤੇ ਉਚੀਆਂਨੀਵੀਆਂ ਜਾਤਾਂ ਦੇ ਵਿਚਾਰ ਰੱਖਣ ਵਾਲੇ ਲੋਕਾਂ ਕਾਰਣ ਪ੍ਰੋ. ਗੁਰਮੁਖ ਸਿੰਘ ਅਤੇ ਗਿ.ਦਿੱਤ ਸਿੰਘ ਦੋਹਾਂ ਨੂੰ ਛੋਟੀਆਂ ਜ਼ਾਤਾਂ ਦੇ ਕਹਿ ਕੇ ਧਿਰਕਾਰਿਆ ਜਾਣ ਲੱਗਾ, ਤਾਂ ਸਿੰਘ ਸਭਾ ਲਾਹੌਰ ਹੋਂਦ ਵਿਚ ਆਈ। ਸਿੰਘ ਸਭਾ ਅੰਮ੍ਰਿਤਸਰ ਅਤੇ ਸਿੰਘ ਸਭਾ ਲਾਹੌਰ ਵਿਚ ਵਧੇ ਮੱਤ ਭੇਦਾਂ ਦੇ ਬਾਵਜੂਦ ਇਸ ਸਮੇਂ ਦੌਰਾਨ ਸਿੰਘ ਸਭਾ ਦੇ ਕੀਤੇ ਕੰਮ ਅਜੇ ਤੱਕ ਲਾਸਾਨੀ ਸਨ। ਇਸਾਈ ਮਿਸ਼ਨਰੀਆਂ ਦੇ ਪ੍ਰਚਾਰ ਕਾਰਣ ਇਸਾਈ ਬਣ ਰਹੇ ਸਿੱਖ ਬੱਚਿਆਂ ਨੂੰ ਰੋਕਣ ਲਈ ਸਿੰਘ ਸਭਾ ਇਕ ਸੰਸਥਾ ਨਾ ਰਹਿ ਕੇ ਸਗੋਂ ਇਕ ਲਹਿਰ ਬਣ ਕੇ

ਉਭਰੀ। ਗਿਆਨੀ ਦਿੱਤ ਸਿੰਘ ਜੀ ਨੇ ਉਨ੍ਹਾਂ ਦੇ ਛਾਪੇ ਖ਼ਾਨੇ ਦਾ ਮੁਕਾਬਲਾ ਕਰਨ ਲਈ ਲਾਹੌਰ ਤੋਂ ਖ਼ਾਲਸਾ ਅਖ਼ਬਾਰ ਲਾਹੌਰ ਕੱਢਿਆ। ਜਿਸ ਦੇ ਉਹ ਅੰਤ ਤਕ ਸੰਪਾਦਕ ਰਹੇ। ਇਸ ਦੇ ਸੰਪਾਦਕੀ ਇਤਨੇ ਸਿਖਿਅਤ ਅਤੇ ਸਜੱਗ ਕਰਨ ਵਾਲੇ ਹੁੰਦੇ ਸਨ ਕਿ ਉਹ ਅੱਜ ਵੀ ਸਿੱਖ ਕੌਮ ਲਈ ਚਾਨਣ ਮੁਨਾਰਾ ਹੋ ਸਕਦੇ ਹਨ।

ਖ਼ਾਲਸਾ ਕਾਲਜ ਅੰਮ੍ਰਿਤਸਰ ਵੀ ਆਪ ਜੀ ਦੀਆਂ ਪ੍ਰਮੁੱਖ ਦੇਣਾਂ ਵਿਚੋਂ ਹੈ। ਪ੍ਰੋ. ਗੁਰਮੁਖ ਸਿੰਘ ਅਤੇ ਭਾਈ ਜਵਾਹਰ ਸਿੰਘ ਵਰਗੇ ਆਪ ਦੇ ਸਾਥੀਆਂ ਨੇ ਇਸ ਨੂੰ ਸਥਾਪਤ ਕਰਨ ਵਿਚ ਬਹੁਤ ਯੋਗਦਾਨ ਪਾਇਆ।

ਕਾਸ਼! ਸਾਡੀ ਕੌਮ ਉਸ ਕਲਮ ਦੇ ਬਹਾਦਰ ਸੂਰਮੇ ਦਾ ਪੂਰਾ ਸਨਮਾਨ ਕਰ ਸਕਦੀ, ਤਾਂ ਅੱਜ ਸਿੱਖੀ ਵਿਚੋਂ ਪਾਖੰਡ ਅਤੇ ਵਹਿਮ-ਭਰਮ ਦੂਰ ਹੋ ਚੁੱਕੇ ਹੁੰਦੇ ਅਤੇ ਹਰ ਸਿੱਖ ਗੁਰੂ ਆਸ਼ੇ ਅਨੁਸਾਰ ਵਿਵੇਕਸ਼ੀਲ ਹੁੰਦਾ। ਪਰ ਸਾਡੀਆਂ ਬੰਦ ਅੱਖਾਂ ਕਾਰਣ ਅੱਜ ਹਾਲਤ ਗਿ. ਦਿੱਤ ਸਿੰਘ ਜੀ ਦੇ ਸਮੇਂ ਦੇ ਹਾਲਾਤਾਂ ਨਾਲੋਂ ਵੀ ਵੱਧ ਨਿਗਰ ਗਰੀ ਹੈ। 1901 ਵਿਚ ਆਪ ਜੀ ਦੇ ਜਿਗਰ ਦੀ ਬਿਮਾਰੀ ਕਾਰਣ ਹੋਏ ਅਚਾਨਕ ਦਿਹਾਂਤ ਕਾਰਨ ਸਾਰਾ ਪੰਥ ਹੀ ਇਕ ਵਾਰ ਨਿਮੋਝੂਣ ਹੋ ਗਿਆ। ਉਸ ਸਮੇਂ ਆਪਦੇ ਅਖ਼ਬਾਰ 'ਖ਼ਾਲਸਾ ਅਖ਼ਬਾਰ' ਨੇ ਤਾਂ ਆਪ ਪ੍ਰਤੀ ਸ਼ੋਕਮਈ ਪੰਨੇ ਲਿਖੇ ਹੀ, ਪਰ ਆਪ ਦੇ ਜਾਣ ਕਾਰਣ ਪਏ ਕੌਮੀ ਘਾਟੇ ਨੂੰ ਭਾਈ ਵੀਰ ਸਿੰਘ ਵਰਗੇ ਸਮਕਾਲੀ ਵਿਦਵਾਨ ਨੇ ਜਿਵੇਂ ਖਾਲਸਾ ਸਮਾਚਾਰ ਵਿਚ ਚਿਤਰਿਆ ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਉਸ ਸਮੇਂ ਭਾਈ ਵੀਰ ਸਿੰਘ ਜੀ ਵੱਲੋਂ ਲਿਖੀ ਹੂਕ ਕੁੱਝ ਇਸ ਪ੍ਰਕਾਰ ਹੈ:

ਜਾਗੋ ਜਾਗੋ ਜੀ ਦਿੱਤ ਸਿੰਘ ਪਿਆਰੇ, ਕੌਮ ਬੈਠੀ ਸਿਰ੍ਹਾਣੇ ਜਗਾਵੇ।
ਕਿਉਂ ਕੀਤੀ ਨੀਂਦ ਪਿਆਰੀ, ਕਿਉਂ ਜਾਗ ਤੁਹਾਨੂੰ ਨ ਆਵੇ।
ਕਦੀ ਕੌਮ ਜਗਾਈ ਸੀ ਤੈਨੇ, ਲੰਮੇ ਕਢ ਕਢ ਵੈਣ ਤੇ ਹਾਵੇ।
ਹਾਂ! ਜਗਾਇਕੇ ਕੌਮ ਭੁਲੱਕੜ, ਆਪ ਸੌਂ ਗਏ ਹੋਇ ਬੇ ਦਾਵੇ।
ਆਪਣੀ ਵਾਰੀ ਤੇ ਹੁਣ ਜਾਗੋ, ਏਹ ਨੀਂਦ ਨ ਸਾਨੂੰ ਭਾਵੇ।
ਕੀਤੀ ਕੌਮ ਜਗਾਇ ਨ ਤਕੜੀ, ਨਿਰਬਲ ਛਡ ਨ ਹੋਵਨਾ ਵਾਵੇ।
ਦੇਈਏ ਦੁੱਖ ਨ ਸੁਤੇ, ਐਪਰ ਤੇਰੇ ਜਿਹਾ ਨਾ ਨਜ਼ਰੀ ਆਵੇ।
ਜੇਹੜਾ ਪੰਥ ਦੀ ਰਖਯਾ ਸੰਭਾਲੇ, ਭਾਰੀ ਪੰਡ ਨੂੰ ਸਿਰ ਤੇ ਚਾਵੇ।

-0-

12. ਭਾਈ ਕਾਨ੍ਹ ਸਿੰਘ ਜੀ ਨਾਭਾ

ਕਵੀ, ਸਾਹਿਤਕਾਰ ਤੇ ਲਿਖਾਰੀ ਕੌਮ ਦਾ ਸਰਮਾਇਆ ਹੁੰਦੇ ਹਨ। ਸਾਹਿਤ ਤੇ ਇਤਿਹਾਸ ਕੌਮ ਦੀ ਉਨਤੀ ਵਿਚ ਜੋ ਹਿੱਸਾ ਪਾਉਂਦਾ ਹੈ, ਉਸ ਦਾ ਪਤਾ ਸਾਨੂੰ ਪ੍ਰਸਿੱਧ ਪੁਸਤਕਾਂ ਤੇ ਉਨ੍ਹਾਂ ਦੇ ਸਿਰਜਨਹਾਰ ਲਿਖਾਰੀਆਂ ਦੇ ਜੀਵਨ ਵਿਚੋਂ ਮਿਲਦਾ ਹੈ।

ਭਾਈ ਕਾਨ੍ਹ ਸਿੰਘ ਜੀ ਦਾ ਜਨਮ ਅਗਸਤ 1861 ਈ. ਨੂੰ ਪਿੰਡ ਸਬਜ ਬਨੇਰਾ ਰਿਆਸਤ ਪਟਿਆਲਾ ਵਿਚ ਹੋਇਆ। ਇਨ੍ਹਾਂ ਦੇ ਪਿਤਾ ਭਾਈ ਨਰਾਇਣ ਸਿੰਘ

ਗੁਰਦੁਆਰਾ ਬਾਬਾ ਅਜਾਪਾਲ ਸਿੰਘ ਦੇ ਮਹੰਤ ਸਨ ਅਤੇ ਆਪ ਜੀ ਦੇ ਮਾਤਾ ਹਰਿ ਕੌਰ ਜੀ ਸਨ।

ਬਾਬਾ ਨਾਰਾਇਣ ਸਿੰਘ ਜੀ ਬੜੇ ਨਾਮ-ਰਸੀਏ ਤੇ ਸਤਪੁਰਸ਼ ਸਨ। ਸਾਰਾ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਨੂੰ ਜਬਾਨੀ ਯਾਦ ਸੀ, ਜਿਸ ਦੇ ਚਾਰ ਪਾਠ ਉਹ ਹਰੇਕ ਮਹੀਨੇ ਕਰਦੇ ਸਨ। ਭਾਈ ਕਾਨ੍ਹ ਸਿੰਘ ਜੀ ਜਦ ਵੱਡੇ ਹੋਏ ਤਾਂ ਭਾਈ ਭੂਪ ਸਿੰਘ ਦੇ ਜਥੇ ਤੋਂ ਜੋ ਬੜੇ ਵਿਦਵਾਨ ਤੇ ਸਮਝ-ਬੂਝ ਵਾਲੇ ਸਨ, ਇਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਗੁਰਮੁਖੀ ਪੜ੍ਹਾਉਣੀ ਸ਼ੁਰੂ ਕੀਤੀ। ਭਾਈ ਕਾਨ੍ਹ ਸਿੰਘ ਜੀ ਦੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ ਤੇ ਭਾਈ ਬਿਸ਼ਨ ਸਿੰਘ ਸਨ, ਆਪ ਜੀ ਦੀ ਇਕ ਭੈਣ ਬੀਬੀ ਕਾਨ੍ਹ ਕੌਰ ਜੋ ਸੰਨ 1867 ਵਿਚ ਜਨਮੀ ਅਤੇ ਛੋਟੀ ਉਮਰ ਵਿਚ ਹੀ ਗੁਜ਼ਰ ਗਈ। ਮਾਤਾ-ਪਿਤਾ ਦੀ ਭਾਈ ਸਾਹਿਬ ਜੀ ਨਾਲ ਬਹੁਤੀ ਸਨੇਹ-ਭਾਵਨਾ ਸੀ। ਜਦ ਭਾਈ ਕਾਨ੍ਹ ਸਿੰਘ ਜੀ ਪੰਜ ਸਾਲ ਦੇ ਹੋਏ ਤਾਂ ਪਿਤਾ ਨਾਰਾਇਣ ਸਿੰਘ ਨੇ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣਾ ਸ਼ੁਰੂ ਕੀਤਾ।

ਜਦ ਭਾਈ ਕਾਨ੍ਹ ਸਿੰਘ ਜੀ 20 ਸਾਲ ਦੇ ਹੋਏ, ਤਾਂ ਇਨ੍ਹਾਂ ਦੇ ਸ਼ੌਂਕ ਨੂੰ ਉਤਸ਼ਾਹ ਦਿੰਦਿਆਂ ਇਨ੍ਹਾਂ ਦੇ ਕਵਿਤਾ ਤੇ ਸਾਹਿਤ ਦੇ ਉਸਤਾਦ ਭਾਈ ਭਗਵਾਨ ਸਿੰਘ ਦੁਗ ਤੋਂ ਇਨ੍ਹਾਂ ਨੂੰ ਫ਼ਾਰਸੀ ਸ਼ੁਰੂ ਕਰਵਾ ਦਿੱਤੀ। ਇਸ ਤੇ ਕਈ ਪੁਰਾਤਨ ਖਿਆਲਾਂ ਦੇ ਸਿੱਖ ਬੜੇ ਨਾਰਾਜ਼ ਹੋਏ ਤੇ ਆਪ ਜੀ ਨੂੰ ਫ਼ਾਰਸੀ ਪੜ੍ਹਨੋਂ ਹਟਾ ਲਿਆ ਗਿਆ। ਇਕ ਦਿਨ ਆਪ ਚੁਪ-ਚਪੀਤੇ ਘਰੋਂ ਨਿਕਲ ਪਏ ਤੇ ਦਿੱਲੀ ਜਾ ਕੇ ਫ਼ਾਰਸੀ ਪੜ੍ਹਨ ਲੱਗ ਪਏ। ਸੰਨ 1883 ਈ. ਵਿਚ ਉਥੋਂ ਲਾਹੌਰ ਪਹੁੰਚੇ ਤੇ ਭਾਈ ਸੰਤ ਸਿੰਘ ਗਿਆਨੀ ਡੇਹਰਾ ਸਾਹਿਬ ਵਾਲਿਆਂ ਤੋਂ ਸਿੱਖ-ਸਾਹਿਤ ਨਾਲ ਸਬੰਧ ਰੱਖਣ ਵਾਲੀਆਂ ਜ਼ਫਰਨਾਮਾ, ਦੀਵਾਨ ਗੋਯਾ ਆਦਿ ਫ਼ਾਰਸੀ ਪੁਸਤਕਾਂ ਪੜ੍ਹੀਆਂ ਤੇ ਇਸ ਤਰ੍ਹਾਂ ਆਪ ਨੇ ਛੇਤੀ ਹੀ ਸਿੱਖ ਸਾਹਿਤ ਦਾ ਅੱਛਾ ਗੰਭੀਰ ਅਧਿਐਨ ਕਰ ਲਿਆ।

ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਚਾਰਕਾਂ ਵਿਚੋਂ ਵਧੇਰੇ ਜ਼ਿੰਮੇਵਾਰ ਤੇ ਅਗਾਂਹ ਵਧੂ ਭਾਈ ਗੁਰਮੁਖ ਸਿੰਘ ਜੋ ਕਿ ਲਾਹੌਰ ਦੇ ਓਰੀਐਂਟਲ ਕਾਲਜ ਵਿਚ ਪ੍ਰੋਫੈਸਰ ਸਨ, ਨੂੰ ਭਾਈ ਕਾਨ੍ਹ ਸਿੰਘ ਜੀ, ਜੋ ਅਜਿਹੇ ਸਾਹਿਤਕ ਕੰਮਾਂ ਲਈ ਯੋਗਤਾ ਪ੍ਰਾਪਤ ਕਰ ਕੇ ਪਹਿਲਾਂ ਹੀ ਦਿਲਚਸਪੀ ਰਖਦੇ ਸਨ, ਬੜੇ ਮਨ-ਭਾਉਂਦੇ ਲੱਗੇ। ਲਾਹੌਰ ਆਪ ਦੋ ਕੋ ਸਾਲ ਠਹਿਰੇ ਤੇ ਫੇਰ ਨਾਭੇ ਆ ਗਏ। ਮਾਤਾ-ਪਿਤਾ ਦਾ ਖਿਆਲ ਇਨ੍ਹਾਂ ਦੇ ਵਿਆਹ ਵੱਲ ਗਿਆ। ਜਿਸ ਕਰਕੇ ਇਨ੍ਹਾਂ ਦੀ ਪਹਿਲੀ ਸ਼ਾਦੀ ਪਿੰਡ ਧੂਰੇ ਰਿਆਸਤ ਪਟਿਆਲਾ ਵਿਚ ਤੇ ਦੂਜੀ ਸ਼ਾਦੀ ਮੁਕਤਸਰ ਹੋਈ। ਦੋਵੇਂ ਸੁਪਤਨੀਆਂ ਦੇ ਗੁਜ਼ਰਨ ਮਗਰੋਂ ਤੀਜੀ ਸ਼ਾਦੀ ਪਿੰਡ ਰਾਮਗੜ੍ਹ, ਪਟਿਆਲਾ ਵਿਚ ਸ. ਹਰਚਰਨ ਸਿੰਘ ਦੀ ਸਪੁੱਤਰੀ ਬਸੰਤ ਕੌਰ ਜੀ ਨਾਲ ਹੋਈ, ਜਿਨ੍ਹਾਂ ਦੀ ਕੁੱਖੋਂ ਭਾਈ ਭਗਵੰਤ ਸਿੰਘ (ਹਰੀ) ਜੀ ਦਾ ਜਨਮ ਸੰਨ 1892 ਵਿਚ ਹੋਇਆ।

ਭਾਈ ਕਾਨ੍ਹ ਸਿੰਘ ਜੀ ਨੂੰ ਸੰਨ 1887 ਵਿਚ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਜੀ ਨੇ ਆਪਣੇ ਸਪੁੱਤਰ ਟਿੱਕਾ ਰਿਪੁਦਮਨ ਸਿੰਘ ਦੇ ਉਸਤਾਦ ਨਿਯਤ ਕੀਤੇ। ਨਤੀਜਾ ਇਸ ਪੜ੍ਹਾਈ ਦਾ ਬੜਾ ਚੰਗਾ ਨਿਕਲਿਆ ਤੇ ਟਿੱਕਾ ਜੀ ਥੋੜ੍ਹੇ ਚਿਰ ਵਿਚ ਹੀ ਗੁਰਮਤਿ ਦੇ ਅਤੇ

ਹੋਰ ਭਾਰਤੀ ਮਤਾਂ ਦੇ ਚੰਗੇ ਜਾਣੂ ਹੋ ਗਏ ਤੇ ਭਾਈ ਸਾਹਿਬ ਤੋਂ ਕਾਵਯ, ਸਾਹਿਤਕ ਤੇ ਵੇਦਾਂਤ ਦੇ ਗ੍ਰੰਥ ਵੀ ਪੜ੍ਹ ਲਏ। ਇਸ ਤੋਂ ਖੁਸ਼ ਹੋ ਕੇ 1893 ਈ. ਵਿਚ ਮਹਾਰਾਜਾ ਸਾਹਿਬ ਨੇ ਆਪਣੇ ਪ੍ਰਾਈਵੇਟ ਸਕੱਤਰ ਮੁਕੱਰਰ ਕੀਤਾ। ਇਸ ਤੋਂ ਥੋੜ੍ਹਾ ਹੀ ਸਮਾਂ ਪਿਛੋਂ ਭਾਈ ਸਾਹਿਬ ਨੂੰ ਸਿਟੀ ਮੈਜਿਸਟਰੇਟ, ਡਿਪਟੀ ਕਮਿਸ਼ਨਰ ਥਾਪੇ ਗਏ। ਮਹਾਰਾਜਾ ਸਾਹਿਬ ਨੂੰ ਰਾਜ-ਪ੍ਰਬੰਧ ਬਾਰੇ ਦੱਸੀਆਂ ਤਜਵੀਜ਼ਾਂ ਤੇ ਸਮੇਂ-ਸਮੇਂ ਸਿਰ ਵਰਤੋਂ ਹੁੰਦੀ ਰਹੀ। ਸੰਨ 1902 ਵਿਚ ਆਪ ਜੀ ਨੂੰ ਅੰਗਰੇਜ਼ ਸਰਕਾਰ ਕੋਲ ਵਕੀਲ ਬਣਾ ਕੇ ਭੇਜੇ ਗਏ।

ਇਸ ਸਮੇਂ ਅੰਗਰੇਜ਼ੀ ਸਰਕਾਰ ਨਾਲ ਨਾਭਾ ਰਿਆਸਤ ਦੇ ਦੋ ਝਗੜੇ ਸਨ। ਪਹਿਲਾ ਸ਼ਾਹੀ ਦਰਬਾਰ ਵਿਚ ਮਹਾਰਾਜਾ ਨਾਭਾ ਦੀ ਨਿਯੁਕਤੀ ਦਾ ਸਵਾਲ ਅਤੇ ਦੂਜਾ ਪਰਗਨਾ ਪੱਖੋਵਾਲ ਤੇ ਦਹਿੜੂ, ਜੋ ਸੰਨ 1845-46 ਵਿਚ ਸਿੱਖਾਂ ਅਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ਸਮੇਂ ਜ਼ਬਤ ਹੋਏ ਸਨ, ਵਾਪਸੀ ਦਾ ਝਗੜਾ। ਆਪ ਜੀ ਨੇ ਇਹ ਡਿਊਟੀ ਇੰਨੀ ਯੋਗਤਾ ਨਾਲ ਨਿਭਾਈ ਕਿ ਏਜੰਟ ਕਰਨਲ ਡਨਲਪ ਸਮਿੱਥ ਨੇ ਮਹਾਰਾਜਾ ਸਾਹਿਬ ਨੂੰ ਇਹ ਲਫਜ਼ ਲਿਖੇ: "ਮੇਰੀ ਨਿਗਾਹ ਵਿਚ ਸਰਦਾਰ ਕਾਨ੍ਹ ਸਿੰਘ ਦੀ ਬਹੁਤ ਇੱਜ਼ਤ ਹੈ। ਮੈਨੂੰ ਫੁਲਕੀਆ ਰਿਆਸਤਾਂ ਵਿਚ ਅਜਿਹਾ ਕੋਈ ਅਫ਼ਸਰ ਨਹੀਂ ਮਿਲਿਆ, ਜੋ ਆਪਣੇ ਮਹਾਰਾਜਾ ਤੇ ਉਸ ਦੀ ਰਿਆਸਤ ਦੇ ਕੰਮ ਨੂੰ ਏਨੀ ਈਮਾਨਦਾਰੀ ਨਾਲ ਕਰਦਾ ਹੋਵੇ"

ਇਸ ਮੁਕੱਦਮੇ ਦੀ ਪੈਰਵੀ ਲਈ ਆਪ ਨੂੰ ਤਿੰਨ ਵਾਰ ਵਲਾਇਤ ਜਾਣਾ ਪਿਆ। ਪਹਿਲੀ ਵਾਰ ਸੰਨ 1907 ਵਿਚ, ਦੂਜੀ ਵਾਰ ਸੰਨ 1908 ਤੇ ਤੀਜੀ ਵਾਰ ਸੰਨ 1910 ਵਿਚ ਲੰਡਨ ਗਏ। ਇਸ ਪਿਛਲੀ ਵਿਲਾਇਤ ਯਾਤਰਾ ਵਿਚ ਭਾਈ ਸਾਹਿਬ ਜੀ ਦੇ ਨਾਲ ਟਿੱਕਾ ਰਿਪੁਦਮਨ ਸਿੰਘ ਜੀ ਵੀ ਸਨ। ਇਨ੍ਹਾਂ ਫੇਰੀਆਂ ਵਿਚ ਦੋ ਕੰਮ ਫਤਿਹ ਹੋਏ" ਪਹਿਲਾ ਕਿ ਰਿਆਸਤ ਨਾਭਾ ਦੀ ਅਪੀਲ ਦਾ ਫੈਸਲਾ ਹੋਣ ਤੇ ਹੁਕਮ ਹੋਇਆ ਕਿ ਪਰਗਨਾ ਦਹਿੜੂ ਤੇ ਪੱਖੋਵਾਲ ਦੇ ਬਦਲੇ 27766 ਰੁਪਏ ਸਾਲਾਨਾ ਆਮਦਨ ਦਾ ਇਲਾਕਾ ਇਸ ਰਿਆਸਤ ਨੂੰ ਬਾਰ (ਮੌਜੂਦ ਪਾਕਿਸਤਾਨ) ਵਿਚ ਦਿੱਤਾ ਜਾਵੇ। ਦੂਜਾ, ਮਿਸਟਰ ਐਮ.ਏ. ਮਕਾਲਿਫ਼ ਦੀ "ਸਿੱਖ ਧਰਮ" ਨਾਮੀ ਪੁਸਤਕ, ਜੋ ਉਸ ਨੇ ਭਾਈ ਸਾਹਿਬ ਦੀ ਸਹਾਇਤਾ ਲੈ ਕਈ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੀ ਸੀ, ਔਕਸਫੋਰਡ ਯੂਨੀਵਰਸਿਟੀ ਵੱਲੋਂ ਛਪ ਕੇ ਪ੍ਰਕਾਸ਼ਤ ਹੋਈ।

ਮਹਾਰਾਜਾ ਹੀਰਾ ਸਿੰਘ ਜੀ ਨਾਭਾ 25 ਦਸੰਬਰ 1911 ਨੂੰ ਚੜ੍ਹਾਈ ਕਰ ਗਏ। ਇਸ ਤੋਂ ਪਹਿਲਾਂ ਉਨ੍ਹਾਂ ਨੇ ਭਾਈ ਸਾਹਿਬ ਨੂੰ ਮੀਰ-ਮੁਨਸ਼ੀ ਥਾਪ ਦਿੱਤਾ ਸੀ। ਟਿੱਕਾ ਰਿਪੁਦਮਨ ਸਿੰਘ ਉਸ ਸਮੇਂ ਇੰਗਲੈਂਡ ਵਿਚ ਸਨ ਤੇ ਸੰਨ 1912 ਵਿਚ ਵਾਪਸ ਆਏ। ਮਹਾਰਾਜਾ ਰਿਪੁਦਮਨ ਸਿੰਘ ਸਮੇਂ ਮੁਤਾਬਕ ਬਹੁਤ ਅਗਾਂਹ ਵਧੂ ਤੇ ਅਜ਼ਾਦੀ ਪਸੰਦ ਸਨ। ਇਸ ਤੇ ਅੰਗਰੇਜ਼ੀ ਸਰਕਾਰ ਦੀ ਨਾਰਾਜ਼ਗੀ ਤੇ ਹੋਰ ਰਾਜਸੀ ਔਕੜਾਂ ਮੂੰਹ ਦਿਖਾਉਣ ਲੱਗੀਆਂ।

1912 ਵਿਚ ਹੀ ਰਿਆਸਤ ਨਾਭਾ ਦੀ ਨੌਕਰੀ ਛੱਡ ਕੇ ਭਾਈ ਸਾਹਿਬ ਨੇ ਕਸ਼ਮੀਰ ਜਾ ਕੇ ਸਿੱਖ ਸਾਹਿਤ ਦੇ ਆਧਾਰ ਤੇ "ਗੁਰ ਸ਼ਬਦ ਰਤਨਾਗਰ ਮਹਾਨ ਕੋਸ਼" ਲਿਖਣਾ ਸ਼ੁਰੂ ਕੀਤਾ। ਸੰਨ 1915 ਵਿਚ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਆਪ ਨੂੰ

ਪੋਲੀਟੀਕਲ ਏਜੰਸੀ ਦੀ ਵਕਾਲਤ ਦਾ ਅਹੁਦਾ ਪੇਸ਼ ਕਰ ਦਿੱਤਾ, ਜਿਸ ਤੇ ਆਪ ਕਈ ਸਾਲ ਪਹਿਲਾਂ ਰਿਆਸਤ ਨਾਭਾ ਵੱਲੋਂ ਕੰਮ ਕਰ ਚੁੱਕੇ ਸਨ। ਮਾਲੀ ਮੁਸ਼ਕਲਾਂ ਕਾਰਨ ਆਪ ਨੇ ਕਸ਼ਮੀਰ ਤੋਂ ਵਾਪਸ ਪਟਿਆਲੇ ਆ ਕੇ ਮਜ਼ਬੂਰ ਹੋਣ ਤੇ ਨੌਕਰੀ ਕਰ ਲਈ। ਸੰਨ 1916 ਵਿਚ ਆਪ ਜੀ ਦੇ ਪਿਤਾ ਬਾਬਾ ਨਾਰਾਇਣ ਸਿੰਘ ਜੀ, ਜੋ ਕਾਫੀ ਬਿਰਧ ਸਨ, ਅਚਾਨਕ ਬਿਮਾਰ ਹੋ ਕੇ ਚਲਾਣਾ ਕਰ ਗਏ। ਸੰਨ 1917 ਨੂੰ ਮਹਾਰਾਜਾ ਪਟਿਆਲਾ ਤੇ ਨਾਭਾ ਦੇ ਵਿਚ ਕੁੱਝ ਜਾਤੀ ਰੰਜਸ਼ਾਂ ਕਾਰਨ ਝਗੜਾ ਪੈਦਾ ਹੋ ਗਿਆ। ਭਾਈ ਅਰਜਨ ਸਿੰਘ ਬਾਗੜੀਆਂ ਦੇ ਜ਼ੋਰ ਦੇਣ ਤੇ 28 ਅਗਸਤ 1917 ਨੂੰ ਇਸ ਸਬੰਧ ਵਿਚ ਸ਼ਿਮਲੇ ਇਨ੍ਹਾਂ ਦੋਹਾਂ ਮਹਾਰਾਜਿਆਂ ਦੀ ਇਕੱਤਰਤਾ ਹੋਈ, ਜਿਸ ਵਿਚ ਮਹਾਰਾਜਾ ਨਾਭਾ ਦੀ ਇੱਛਾ ਪ੍ਰਗਟ ਕਰਨ ਤੇ ਭਾਈ ਕਾਨ੍ਹ ਸਿੰਘ ਤੇ ਬਖਸ਼ੀਸ਼ ਸਿੰਘ ਜੋ ਪਹਿਲਾਂ ਰਿਆਸਤ ਨਾਭਾ ਦੇ ਅਹਿਲਕਾਰ ਸਨ, ਮਹਾਰਾਜਾ ਨਾਭਾ ਨੂੰ ਵਾਪਸ ਮੋੜੇ ਗਏ ਤੇ ਹੋਰ ਦੁਫੇੜਾਂ ਦਾ ਵੀ ਪਰਸਪਰ ਸਮਝੌਤਾ ਕਰਵਾਇਆ ਗਿਆ।

ਮਹਾਰਾਜਾ ਨਾਭਾ ਨੇ ਨਾਭੇ ਪਹੁੰਚਣ ਤੇ ਆਪ ਨੂੰ ਸਾਹਿਤਕ ਕੰਮਾਂ ਵਾਸਤੇ ਮਸੂਰੀ ਵਿਚ ਇਕ ਆਲੀਸ਼ਾਨ ਕੋਠੀ ਖਰੀਦ ਕੇ ਦਿੱਤੀ ਤੇ ਆਪਣਾ ਖਾਸ ਵਜ਼ੀਰ ਨਿਯੁਕਤ ਕੀਤਾ ਅਤੇ ਨਾਲ ਹੀ ਨਾਭੇ ਦੀ ਜੁਡੀਸ਼ਲ ਕੌਂਸਲ ਦੇ ਮੈਂਬਰ ਵੀ ਨਿਯਤ ਹੋਏ।

ਸੰਨ 1917 ਵਿਚ ਫਿਰ ਪਟਿਆਲੇ ਤੇ ਨਾਭੇ ਦੇ ਮਹਾਰਾਜਿਆਂ ਦਾ ਪੁਰਾਣਾ ਝਗੜਾ ਨਵੀਂ ਸ਼ਕਲ ਅਖਤਿਆਰ ਕਰਕੇ ਉਠ ਖੜਾ ਹੋਇਆ। ਜੋ ਆਖਰ ਅੰਗਰੇਜ਼ੀ ਸਰਕਾਰ ਪਾਸ ਗਿਆ, ਜਿਸ ਦੇ ਨਤੀਜੇ ਵਜੋਂ 9 ਜੁਲਾਈ 1923 ਨੂੰ ਮਹਾਰਾਜਾ ਰਿਪੁਦਮਨ ਸਿੰਘ ਰਾਜਗੱਦੀ ਤੋਂ ਬਰਤਰਫ ਕਰਕੇ ਦੇਹਰਾਦੂਨ ਤੇ ਫੇਰ ਕੰਡਾਲੀ ਕੰਨਾਲ (ਮਦਰਾਸ) ਭੇਜੇ ਗਏ। (ਜਲਾਵਤਨੀ ਦੀ ਹਾਲਤ ਵਿਚ ਹੀ ਸੰਨ 1943 ਵਿਚ ਉਹ ਗੁਰਪੁਰੀ ਸਿਧਾਰ ਗਏ) ਭਾਈ ਕਾਨ੍ਹ ਸਿੰਘ ਨਾਭਾ ਰਾਜੇ ਸਾਹਿਬ ਦੀ ਬਰਤਰਫੀ ਉਪਰੰਤ ਹਮੇਸ਼ਾਂ ਲਈ ਰਿਆਸਤ ਨਾਭਾ ਦੀ ਮੁਲਾਜ਼ਮਤ ਤੋਂ ਅਲੱਗ ਹੋ ਗਏ।

ਸਾਹਿਤਕ ਕੰਮ: ਪੁਰਾਤਨ ਜਨਮ ਸਾਖੀ ਦੇ ਸੰਪਾਦਨ ਵਿਚ ਮਿਸਟਰ ਐਮ.ਏ. ਮਕਾਲਿਫ਼ ਨੇ ਆਪ ਜੀ ਦੀ ਸਹਾਇਤਾ ਦੇ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਕਠਿਨ ਸ਼ਬਦਾਂ ਦਾ ਪਰਯਾਯ ਲਿਖੇ। ਭਾਈ ਕਾਨ੍ਹ ਸਿੰਘ ਦੇ ਸਾਹਿਤਕ ਕੰਮਾਂ ਦੀ ਤੌਰ ਵੀ ਅਸਲ ਵਿਚ ਸਿੰਘ ਸਭਾ ਲਹਿਰ ਦੇ ਅਸਰ ਹੇਠ ਹੀ ਤੁਰੀ, ਜਿਸ ਦੀ ਮੋਹਰ ਉਨ੍ਹਾਂ ਦੀਆਂ ਲਿਖਤਾਂ ਉੱਤੇ ਥਾਂ ਪੁਰ ਥਾਂ ਲੱਗੀ ਹੋਈ ਪਾਈ ਜਾਂਦੀ ਹੈ।

ਮਿਸਟਰ ਐਮ.ਕੇ.ਮਕਾਲਿਫ਼ ਨੇ ਭਾਈ ਕਾਨ੍ਹ ਸਿੰਘ ਜੀ ਦੀ ਵਿਦਵਤਾ ਨੂੰ ਪਛਾਣਦਿਆਂ ਗੁਰਬਾਣੀ ਦੀ ਖੋਜ ਸਬੰਧੀ ਆਪਣਾ ਪ੍ਰੇਮ ਜ਼ਾਹਿਰ ਕਰਕੇ ਭਾਈ ਕਾਨ੍ਹ ਸਿੰਘ ਤੋਂ ਕੁੱਝ ਪੜ੍ਹਨ ਦੀ ਮਹਾਰਾਜਾ ਹੀਰਾ ਸਿੰਘ ਤੋਂ ਇਜ਼ਾਜ਼ਤ ਲੈ ਲਈ। ਇਸ ਲਈ ਆਪ ਚਾਰ ਮਹੀਨੇ ਉਨ੍ਹਾਂ ਕੋਲ ਰਾਵਲਪਿੰਡੀ ਠਹਿਰੇ। ਮਿਸਟਰ ਮਕਾਲਿਫ਼ ਨੇ ਆਪ ਜੀ ਤੋਂ ਗੁਰਬਾਣੀ ਤੇ ਸਿੱਖ-ਇਤਿਹਾਸ ਪੜ੍ਹਿਆ। ਸੰਨ 1907 ਵਿਚ ਲਗਪਗ 15 ਸਾਲ ਦੀ ਮਿਹਨਤ ਤੋਂ ਬਾਅਦ ਮਕਾਲਿਫ਼ ਸਾਹਿਬ ਦੀ ਪੁਸਤਕ **"ਸਿੱਖ ਧਰਮ"** ਵਲਾਇਤੋਂ

ਪ੍ਰਕਾਸ਼ਤ ਹੋਈ। ਜਿਸ ਦੇ ਹੱਕ ਉਸ ਨੇ ਸ਼ੁਕਰਾਨੇ ਵਜੋਂ ਹਮੇਸ਼ਾਂ ਵਾਸਤੇ ਭਾਈ ਕਾਨ੍ਹ ਸਿੰਘ ਨੂੰ ਹੀ ਲਿਖ ਕੇ ਦੇ ਦਿੱਤੇ। ਮਕਾਲਿਫ਼ ਸਾਹਿਬ ਦੀ ਦਿਲੀ ਚਾਹ ਸੀ ਕਿ ਆਪ ਜੀ ਲੰਡਨ ਵਿਚ ਰਹਿ ਕੇ ਸਿੱਖ ਧਰਮ ਤੇ ਸਾਹਿਤ ਬਾਰੇ ਖੋਜ ਕਰਨ, ਇਸ ਲਈ ਉਸ ਨੇ ਆਪਣੇ ਦੋ ਮਕਾਨਾਂ ਵਿਚੋਂ ਇਕ ਮਕਾਨ ਦੇਣਾ ਚਾਹਿਆ, ਪਰ ਉੱਤਰ ਇਨਕਾਰ ਦੇ ਰੂਪ ਵਿਚ ਮਿਲਿਆ। ਆਪ ਜੀ ਦੇ ਇਸ ਪਰਮ ਸਨੇਹੀ ਮਕਾਲਿਫ਼ ਦਾ ਦੇਹਾਂਤ ਸੰਨ 1913 ਈ. ਵਿਚ ਹੋਇਆ।

ਪ੍ਰੋ. ਗੁਰਮੁਖ ਸਿੰਘ ਅਤੇ ਮਿਸਟਰ ਐਮ.ਏ. ਮਕਾਲਿਫ਼ ਨੂੰ ਸਹਾਇਤਾ ਦੇਣ ਤੋਂ ਬਿਨਾਂ ਗਿਆਨੀ ਦਿੱਤ ਸਿੰਘ ਸੰਪਾਦਕ 'ਖ਼ਾਲਸਾ ਅਖ਼ਬਾਰ' ਲਾਹੌਰ, ਭਗਤ ਲਛਮਣ ਸਿੰਘ ਰਾਵਲਪਿੰਡੀ, ਸਰਦਾਰ ਜਵਾਹਰ ਸਿੰਘ ਜੀ ਆਦਿ ਕਈ ਵਿਦਵਾਨ ਹੋਰ ਵੀ ਸਨ, ਜਿਨ੍ਹਾਂ ਦੀ ਸਹਾਇਤਾ ਭਾਈ ਸਾਹਿਬ ਸਾਹਿਤਕ ਜਾਂ ਸਮਾਜਿਕ ਸੁਧਾਰ ਦੇ ਨੁਕਤਾ-ਨਿਗਾਹ ਨਾਲ ਮੌਕਾ ਪੈਣ ਤੇ ਕਰਦੇ ਰਹੇ। ਜੋ ਪੁਸਤਕਾਂ ਆਪ ਜੀ ਨੇ ਲਿਖੀਆਂ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਛਪੀਆਂ ਪੁਸਤਕਾਂ: ਰਾਜ ਧਰਮ, ਹਮ ਹਿੰਦੂ ਨਹੀਂ, ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ, ਗੁਰਛੰਦ ਦਿਵਾਕਰ, ਗੁਰ ਸ਼ਬਦਾਲੰਕਾਰ, ਰੂਪ ਦੀਪ ਪਿੰਗਲ, ਸਦ ਪਰਮਾਰਥ ਤੋਂ ਇਲਾਵਾ ਹੇਠ ਲਿਖੀਆਂ ਪੁਸਤਕਾਂ ਖਾਸ ਹਨ:

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼: ਇਸ ਨੂੰ ਅਸੀਂ ਭਾਈ ਸਾਹਿਬ ਦੀ ਸਭ ਤੋਂ ਵੱਡੀ ਹੁਨਰ ਕਿਰਤ ਕਹਿ ਸਕਦੇ ਹਾਂ। ਲਗਪਗ 14 ਵਰ੍ਹਿਆਂ ਦੀ ਕਠਿਨ ਘਾਲਣਾ ਨਾਲ ਇਹ ਮਹਾਨ ਗ੍ਰੰਥ ਸੰਨ 1926 ਵਿਚ ਪੂਰਾ ਹੋਇਆ ਤੇ ਸੰਨ 1930 ਵਿਚ ਦਰਬਾਰ ਪਟਿਆਲਾ ਵੱਲੋਂ ਛਪ ਕੇ ਪ੍ਰਕਾਸ਼ਤ ਹੋਇਆ। ਇਹ ਗ੍ਰੰਥ ਕੁਲ 3338 ਸਫਿਆਂ ਦੀਆਂ ਵੱਡੀਆਂ-ਵੱਡੀਆਂ ਚਾਰ ਜਿਲਦਾਂ ਵਿਚ ਤਿਆਰ ਹੋਇਆ।

ਗੁਰਮਤਿ ਮਾਰਤੰਡ: ਇਸ ਵਿਚ ਗੁਰਮਤਿ ਪ੍ਰਭਾਕਰ, ਗੁਰਮਤਿ ਸੁਦਾਕਰ ਤੇ ਗੁਰ ਗਿਰਾ ਕਸੌਟੀ ਇਹ ਤਿੰਨੇ ਪੁਸਤਕਾਂ ਨਵਾਂ ਰੂਪ ਦੇ ਕੇ ਸ਼ਾਮਲ ਕੀਤੀਆਂ ਗਈਆਂ ਹਨ। ਇਹ ਪੁਸਤਕ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਅੰਮ੍ਰਿਤਸਰ ਛਾਪ ਰਹੀ ਹੈ।

ਗੁਰ ਮਹਿਮਾ ਸੰਗ੍ਰਹ: ਇਸ ਵਿਚ ਪੁਰਾਣੀਆ ਹਥ ਲਿਖਤ ਪੁਸਤਕਾਂ ਦੇ ਅਦਾਰ ਤੇ ਬਹੁਤ ਸਾਰੇ ਹਿੰਦੀ ਤੇ ਪੰਜਾਬੀ ਕਵੀਆਂ ਦੇ ਜੀਵਨ ਤੇ ਉਨ੍ਹਾਂ ਦੀ ਕਵਿਤਾ ਦੇ ਗੁਰ ਮਹਿਮਾ ਨਾਲ ਸਬੰਧ ਰਖਦੇ ਨਮੂਨੇ ਦਿੱਤੇ ਗਏ ਹਨ।

ਅਨੇਕ ਕੋਸ਼ ਤੇ ਨਾਮ ਮਾਲਾ ਕੋਸ਼:ਇਹ ਅਸਟਛਾਪ ਦੇ ਪ੍ਰਸਿੱਧ ਕਵੀ ਨੰਦ ਦਾਸ ਦੇ ਹਿੰਦੀ ਸ਼ਬਦ ਕੋਸ਼ ਹਨ, ਜੋ ਪਹਿਲੀ ਵਾਰ ਗੁਰਮੁਖੀ ਅੱਖਰਾਂ ਵਿਚ ਛਪ ਕੇ ਸਾਡੇ ਸਾਹਮਣੇ ਆਏ ਹਨ। ਇਸ ਦਾ ਪਹਿਲਾ ਕੋਸ਼ ਸੰਨ 1924 ਵਿਚ ਛਪਿਆ ਸੀ ਤੇ ਦੂਜਾ ਸੰਨ 1938 ਵਿਚ। ਭਾਈ ਸਾਹਿਬ ਨੇ ਇਹ ਕੋਸ਼ ਕਿਵੇਂ ਸੋਧੇ ਫੇਰ ਸੰਪਾਦਤ ਕਰਕੇ ਛਾਪੇ, ਇਹ ਹੁਨਰ ਇਨ੍ਹਾਂ ਦੋਹਾਂ ਕੋਸ਼ਾਂ ਵਿਚੋਂ ਸਾਡੇ ਨਵੇਂ ਸੰਪਾਦਕਾਂ ਲਈ ਦੇਖਣ ਯੋਗ ਹੈ।

ਅਣ ਛਪੀਆਂ ਪੁਸਤਕਾਂ: ਗੁਰ ਗਿਰਾ ਕਸੌਟੀ, ਪਹਾੜ ਯਾਤਰਾ, ਵਿਲਾਇਤ

ਯਾਤਰਾ।

ਧਾਰਮਿਕ ਸੁਧਾਰ: ਸੰਨ 1905 ਵਿਚ ਦਰਬਾਰ ਸਾਹਿਬ ਅੰਮ੍ਰਿਤਸਰ ਦੀਆ ਪਰਕਰਮਾਂ ਵਿਚੋਂ ਬੁਤਪ੍ਰਸਤੀ ਸਿੰਘ ਸਭੀਏ ਹਟਾਉਣਾ ਚਾਹੁੰਦੇ ਸਨ ਤੇ ਸਨਾਤਨੀ ਖਿਆਲਾਂ ਦੇ ਸਿੱਖ ਉਨ੍ਹਾਂ ਦੇ ਇਸ ਖਿਆਲ ਦੇ ਉਲਟ ਸਨ। ਆਖਰ ਸਵਾਲ ਮਿਸਟਰ ਕਿੰਗ ਡਿਪਟੀ ਕਮਿਸ਼ਨਰ ਕੋਲ ਗਿਆ ਤੇ ਭਾਈ ਸਾਹਿਬ ਦੀ ਬੁਤ-ਪ੍ਰਸਤੀ ਤੋਂ ਵਿਰੁੱਧ ਦਿਤੀ ਰਾਏ ਕਰਕੇ ਦਰਬਾਰ ਸਾਹਿਬ ਦੀ ਪਰਕਰਮਾ ਵਿਚੋਂ ਸਭ ਬੁਤ ਹੁਕਮਨ ਉਠਾਏ ਗਏ।

ਵਿਦਿਅਕ ਖਿਦਮਤਾਂ ਨੂੰ ਮੁੱਖ ਰੱਖ ਕੇ ਚੀਫ ਖ਼ਾਲਸਾ ਦੀਵਾਨ (ਅੰਮ੍ਰਿਤਸਰ) ਵੱਲੋਂ ਭਾਈ ਕਾਨ੍ਹ ਸਿੰਘ ਜੀ ਨੂੰ 3 ਅਪ੍ਰੈਲ 1931 ਨੂੰ ਅੰਮ੍ਰਿਤਸਰ ਹੋ ਰਹੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਪ੍ਰਧਾਨ ਥਾਪਿਆ। ਇਸ ਕਾਨਫਰੰਸ ਸਮੇਂ ਆਪ ਜੀ ਦਾ ਪ੍ਰਧਾਨਗੀ ਭਾਸ਼ਣ ਬਹੁਤ ਵਿਦਵਤਾ ਭਰਪੂਰ ਸੀ।

ਸੰਨ 1030 ਤੋਂ 1938 ਤੱਕ ਲਗਪਗ ਅੱਠ ਸਾਲ ਭਾਈ ਕਾਨ੍ਹ ਸਿੰਘ ਜੀ ਦੀ ਜ਼ਿੰਦਗੀ ਦੇ ਛੇਕੜਲੇ ਸਾਲ ਹਨ। ਇਨ੍ਹਾਂ ਸਾਲਾਂ ਵਿਚ ਆਪ ਨੇ ਗੁਰਮਤ ਮਾਰਤੰਡ, ਗੁਰ ਮਹਿਮਾ ਸੰਗ੍ਰਹ ਆਦਿ ਚਾਰ ਕੁ ਪੁਸਤਕਾਂ ਲਿਖੀਆਂ ਤੇ ਗੁਰਸ਼ਬਦ ਰਤਨਾਗਰ ਮਹਾਨ ਕੋਸ਼ ਦੀ ਦੁਬਾਰਾ ਸੁਧਾਈ ਕੀਤੀ। ਇਸ ਸੁਦਾਈ ਵਿਚ ਜੋ ਵਾਧੇ ਆਪ ਨੇ ਕੀਤੇ, ਉਹ ਅੰਤਿਕਾ ਦੇ ਰੂਪ ਵਿਚ ਇਸ ਕੋਸ਼ ਦੇ ਅੰਤ ਵਿਚ ਜੋੜ ਦਿੱਤੇ ਗਏ ਹਨ।

27 ਨਵੰਬਰ 1936 ਨੂੰ ਛੋਟੇ ਭਾਈ ਬਿਸ਼ਨ ਸਿੰਘ ਜੀ ਕੁੱਝ ਦਿਨ ਬਿਮਾਰ ਰਹਿ ਕੇ ਗੁਰਪੁਰੀ ਸਿਧਾਰ ਗਏ। ਇਸ ਤੋਂ ਕੋਈ ਸੱਤ ਕੁ ਮਹੀਨੇ ਪਿਛੋਂ 17 ਜੂਨ 1937 ਨੂੰ ਭਾਈ ਮੀਹਾਂ ਸਿੰਘ ਜੀ ਵੀ ਗੁਰਪੁਰੀ ਸਿਧਾਰ ਗਏ। ਭਾਈ ਮੀਹਾਂ ਸਿੰਘ ਦੇ ਚਲਾਣੇ ਤੋਂ ਇਕ ਸਾਲ ਪੰਜ ਕੁ ਮਹੀਨੇ ਬਾਅਦ ਅਚਾਨਕ ਸਦੀਵੀ ਸੱਦਾ ਆਉਣ ਤੇ ਭਾਈ ਕਾਨ੍ਹ ਸਿੰਘ ਜੀ ਵੀ ਸਾਢੇ 77 ਸਾਲ ਦੀ ਉਮਰ ਵਿਚ 23 ਨਵੰਬਰ, 1938 ਈ. ਨੂੰ ਬਿਨਾਂ ਕਿਸੇ ਸਰੀਰਕ ਖੇਦ ਜਾਂ ਬੀਮਾਰ ਹੋਣ ਤੇ ਗੁਰਪੁਰੀ ਸਿਧਾਰ ਗਏ। ਇਨ੍ਹਾਂ ਦੇ ਇਕਲੌਤੇ ਸਪੁੱਤਰ ਭਾਈ ਭਗਵੰਤ ਸਿੰਘ ਜੀ ਆਪਣੇ ਪਿਤਾ ਦੀ ਤਰ੍ਹਾਂ ਹੀ ਬੜੇ ਵਿਦਵਾਨ, ਦੂਰ-ਅੰਦੇਸ਼ ਤੇ ਮਿਲਾਪੜੇ ਸੁਭਾਓ ਦੇ ਵਿਅਕਤੀ ਹਨ।

ਸ਼ਖਸੀਅਤ: ਹਰੇਕ ਪੁਰਸ਼ ਦੇ ਗੁਣ, ਕਰਮ ਤੇ ਸੁਭਾਉ ਉਸਦੇ ਜੀਵਨ ਦਾ ਅੰਗ ਹੁੰਦੇ ਹਨ, ਸੋ ਇਸ ਲਈ ਇਥੇ ਭਾਈ ਕਾਨ੍ਹ ਸਿੰਘ ਜੀ ਦੇ ਜੀਵਨ ਬਾਰੇ ਵੀ ਕੁੱਝ ਗੱਲਾਂ ਦਸਣੀਆਂ ਜ਼ਰੂਰੀ ਹਨ:

ਭਾਈ ਸਾਹਿਬ ਕੱਦ ਵਿਚ ਸਾਢੇ ਪੰਜ ਫੁੱਟ ਉੱਚੇ, ਸੋਹਣੇ-ਸੁਨੱਖੇ, ਦਿਦਾਰੀ, ਚੁਸਤ ਤੇ ਤੰਦਰੁਸਤ ਵਿਅਕਤੀ ਸਨ। ਬੋਲਦੇ ਬੜਾ ਘੱਟ ਸਨ, ਜੋ ਗੱਲ ਕਰਦੇ ਸਨ ਉਹ ਬੜੀ ਸਮਝ ਸੋਚ ਕੇ ਥੋੜ੍ਹੇ ਸ਼ਬਦਾਂ ਵਿਚ, ਕੀ ਮਜ਼ਾਲ ਕੋਈ ਵਾਧੂ ਸ਼ਬਦ ਮੂੰਹੋਂ ਨਿਕਲ ਜਾਵੇ। ਸੁਭਾਉ ਵਿਚ ਡਾਢੀ ਮਿੱਠਤ ਤੇ ਆਚਰਣ ਵਿਚ ਬੜਾ ਸੁਚ ਸੰਜਮ ਸੀ। ਆਪ ਦੇ ਆਚਰਣ ਦਾ ਪ੍ਰਭਾਵ ਹਰੇਕ ਦਰਸ਼ਕ ਦੇ ਚਿਤ ਉੱਤੇ ਬੜਾ ਡੂੰਘਾ ਪੈਂਦਾ ਸੀ। ਬੋਲ-ਚਾਲ ਦੀ ਜ਼ਬਾਨ ਹਿੰਦੁਸਤਾਨੀ ਤੇ ਪੰਜਾਬੀ ਰਲਵੀਂ ਸੀ। ਕਈ ਵਾਰ ਉਰਦੂ ਵੀ ਬੋਲਦੇ ਸਨ। ਲਿਖਣ ਵਿਚ

ਪਹਿਲਾਂ ਹਿੰਦੀ ਉਰਦੂ ਜਾਂ ਹਿੰਦੁਸਤਾਨੀ ਵਰਤਦੇ ਸਨ ਤੇ ਫੇਰ ਹੌਲੀ-ਹੌਲੀ ਪੰਜਾਬੀ ਲਿਖਣ ਲੱਗ ਪੈਂਦੇ ਸਨ, ਪਰ ਬੋਲ ਚਾਲ ਵਿਚ ਫੇਰ ਵੀ ਬੜੀ ਸਾਫ ਤੇ ਸ਼ੁਧ ਹੁੰਦੀ ਸੀ। ਪੰਜਾਬੀ ਤੋਂ ਇਲਾਵਾ ਆਪ ਕਈ ਵੇਰ ਹਿੰਦੀ ਤੇ ਉਰਦੂ ਵੀ ਲਿਖਦੇ ਸਨ, ਪਰ ਬਹੁਤ ਘੱਟ।

ਸੁਭਾਵਿਕ ਤੌਰ ਤੇ ਆਪ ਅੰਮ੍ਰਿਤ ਵੇਲੇ ਉਠਦੇ, ਪਹਿਲਾਂ ਚਾਰ ਮੀਲ ਪੈਦਲ ਸੈਰ ਕਰਦੇ, ਫੇਰ ਸੋਚ-ਇਸ਼ਨਾਨ ਤੇ ਨਿਤਨੇਮ ਤੋਂ ਬਾਅਦ ਸਾਹਿਤਕ ਕੰਮਾਂ ਵਿਚ ਰੁੱਝ ਜਾਂਦੇ ਸਨ। ਇਕ ਵਜੇ ਪ੍ਰਸ਼ਾਦ ਛਕ ਕੇ ਘੰਟਾ ਕੁ ਭਰ ਆਰਾਮ ਕਰਨਾ ਤੇ ਫੇਰ ਦੋ ਘੰਟੇ ਆਪਣੇ ਪੁਸਤਕਾਲੇ ਵਿਚ ਬੈਠ ਕੇ ਕੁੱਝ ਲਿਖਣਾ-ਪੜ੍ਹਨਾ ਤੇ ਹੋਰ ਸਾਹਿਤਕ ਕੰਮਾਂ ਵਿਚ ਸਮਾਂ ਗੁਜ਼ਾਰਨਾ, ਆਪ ਦਾ ਨਿੱਤ ਨੇਮ ਸੀ। ਪ੍ਰਕ੍ਰਿਤੀ ਦੇ ਪਰਮ ਸਨੇਹੀ ਹੋਣ ਕਰਕੇ ਭਾਈ ਕਾਨ੍ਹ ਸਿੰਘ ਜੀ ਦਾ ਭਾਂਤ-ਭਾਂਤ ਦੇ ਫੁੱਲਾਂ ਨਾਲ ਬਹੁਤ ਪ੍ਰੇਮ ਸੀ। ਇਸ ਤੋਂ ਇਲਾਵਾ ਆਪ ਦੇ ਪ੍ਰੇਮ ਦੀਆਂ ਵਿਸ਼ੇਸ਼ ਚੀਜ਼ਾਂ ਸਨ-ਸਾਹਿਤਕ ਕੰਮਾਂ ਲਈ ਕਲਮ, ਸਿੱਖੀ ਸ਼ਾਨ ਦੱਸਣ ਲਈ ਭਾਂ-ਭਾਂਤ ਦੇ ਸ਼ਸਤ੍ਰ-ਅਸਤ੍ਰ ਜਿਵੇਂ ਸ਼੍ਰੀ ਸਾਹਿਬ, ਚਕ੍ਰ, ਪਸ਼ਕਬਜ਼, ਕਟਾਰ, ਸੰਗੀਤ ਦਾ ਸਨੇਹ ਜਾਹਰ ਕਰਨ ਲਈ ਤਾਊਸ, ਦਿਲਰੁਬਾ ਜਾਂ ਸਤਾਰ ਜੇ ਆਪ ਦੇ ਹੱਥ ਵਿਚ ਕਿਸੇ ਵੇਲੇ ਕਲਮ ਹੁੰਦੀ, ਤਾਂ ਕਈ ਵਾਰੀ ਬੰਦੂਕ ਫੜ ਕੇ ਸ਼ਿਕਾਰੀ ਬਣੇ ਨਜ਼ਰ ਆਉਂਦੇ ਸਨ। ਘੋੜੇ ਦੀ ਸਵਾਰੀ ਦਾ ਆਪ ਬੜਾ ਸ਼ੌਂਕ ਰੱਖਦੇ ਸਨ। ਹਰਨ ਤੇ ਸੂਰ ਦਾ ਸ਼ਿਕਾਰ ਤੋਂ ਇਲਾਵਾ ਆਪ ਦਰਿਆਵਾਂ ਦੇ ਕੰਢੇ ਜਾ ਕੇ ਮਗਰ ਮੱਛਾਂ ਦਾ ਸ਼ਿਕਾਰ ਖੇਡਣਾ ਬਹੁਤ ਪਸੰਦ ਕਰਦੇ ਸਨ। ਉਹ ਬੰਦੂਕਾਂ, ਜਿਨ੍ਹਾਂ ਨਾਲ ਆਪ ਸ਼ਿਕਾਰ ਖੇਡਦੇ ਰਹੇ, ਅਜੇ ਤੱਕ ਆਪ ਦੇ ਘਰ ਸੰਭਾਲ ਕੇ ਰੱਖੀਆਂ ਹਨ। ਇਸੇ ਤਰ੍ਹਾਂ ਆਪ ਦੇ ਸਿਤਾਰ ਆਦਿ ਸਾਜ਼ ਵੀ ਮੌਜੂਦ ਹਨ, ਜਿਨ੍ਹਾਂ ਨਾਲ ਆਪ ਸੰਗੀਤ ਦਾ ਅਭਿਆਸ ਕਰਦੇ ਰਹਿੰਦੇ ਸਨ। ਸੰਗੀਤ ਦੇ ਚੰਗੇ ਪਾਰਦਰਸ਼ੀ ਵਿਦਵਾਨ ਹੋਣ ਕਰਕੇ ਆਪ ਕਈ ਵੱਡੇ-ਵੱਡੇ ਸੰਗੀਤ ਦਰਬਾਰਾਂ ਦੇ ਪ੍ਰਧਾਨ ਵੀ ਰਹੇ ਸਨ। ਰਾਜਨੀਤੀ ਦੇ ਆਪ ਬੜੇ ਨਾਹਿਰ ਸਨ, ਇਸ ਲਈ ਮਹਾਰਾਜਾ ਨਾਭਾ ਨੇ ਆਪ ਦਾ ਉਪਨਾਮ "ਨੀਤੀ ਜੀ" ਰੱਖਿਆ ਹੋਇਆ ਸੀ, ਪਰ ਕਵਿਤਾ ਵਿਚ ਆਪ ਆਪਣੀ ਕਵੀ-ਛਾਪ "ਵ੍ਰਿਜੇਸ਼" ਲਿਖਦੇ ਸਨ।

-0-

13. ਭਾਈ ਕਰਮ ਸਿੰਘ ਹਿਟੋਰੀਅਨ

ਮਾਈ ਭਾਗ ਕੌਰ ਜੀ ਦੇ ਵਰੋਸਾਏ ਹੋਏ, ਇਤਿਹਾਸ ਵਿਚ ਪ੍ਰਸਿੱਧ, ਮਾਝੇ ਦੇ ਪਿੰਡ ਝਬਾਲ ਵਿਚ 23 ਮਾਰਚ 1884 ਈ. ਵਿਚ ਆਪ ਦਾ ਜਨਮ ਹੋਇਆ। ਆਪ ਸ. ਝੰਡਾ ਸਿੰਘ ਜੀ ਦੇ ਸਪੁੱਤਰ ਤੇ ਸ. ਹਕੀਕਤ ਸਿੰਘ ਜੀ ਦੇ ਪੋਤਰੇ ਸਨ। ਬਚਪਨ ਤੋਂ ਹੀ ਆਪ ਦਾ ਸੁਭਾਅ ਬੜਾ ਖੋਜੀ ਸੀ। ਆਪ ਜੀ ਦੀ ਤੀਖਣ ਬੁੱਧੀ, ਸਿੱਖੀ ਪਿਆਰ, ਪੰਥ ਦੀਆਂ ਚੜ੍ਹਦੀਆਂ ਕਲਾ ਲਈ ਉਦਮ ਕਾਰਨ, ਸੰਤ ਅਤਰ ਸਿੰਘ ਜੀ, ਆਪ ਜੀ ਨਾਲ ਬਹੁਤ ਸਨੇਹ ਰਖਦੇ ਸਨ। ਉਹ ਆਪ ਜੀ ਨੂੰ ਆਮ ਤੌਰ ਤੇ ਕਰਮ ਸਿੰਘ ਫ਼ਿਲਾਸਫਰ ਕਰਕੇ ਬਲਾਉਂਦੇ ਸਨ।

ਪੰਜ-ਛੇ ਵਰ੍ਹੇ ਦੀ ਉਮਰ ਵਿਚ ਬੜੇ ਚਾਓ ਨਾਲ ਆਪ ਵਿਦਿਆ ਪ੍ਰਾਪਤੀ ਵਿਚ ਜੁਟ

ਪਏ। ਪ੍ਰਾਇਮਰੀ ਝਬਾਲ ਵਿਚ ਪਾਸ ਕੀਤੀ। ਮਿਡਲ ਖ਼ਾਲਸਾ ਕਾਲਜ ਸਕੂਲ ਅੰਮ੍ਰਿਤਸਰ ਵਿਚ, ਦੱਸਵੀਂ ਫਿਰ ਤਰਨ-ਤਾਰਨ ਵਿਚ ਜਾ ਕੇ ਪਾਸ ਕੀਤੀ। ਫਿਰ 1902 ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਐਫ.ਐਸ.ਸੀ. ਕਲਾਸ ਵਿਚ ਮਜ਼ਮੂਨ ਤਾਂ ਆਪ ਨੇ ਆਪਣੇ ਲਈ ਸਾਇੰਸ ਚੁਣਿਆ ਪਰ ਕਾਲਜ ਵਿਚ ਹੀ ਆਪ ਨੂੰ ਇਤਿਹਾਸਕ ਪੁਸਤਕਾਂ ਪੜ੍ਹਨ ਦਾ ਸ਼ੌਂਕ ਲਗ ਗਿਆ।

ਇਹ ਸਮਾਂ ਸਿੰਘ ਸਭਾ ਲਹਿਰ ਦੇ ਉਭਾਰ ਦਾ ਸਮਾਂ ਸੀ, ਨੌਜਵਾਨ ਸਿੱਖਾਂ ਵਿਚ ਧਰਮ ਤੇ ਸਿੱਖ ਇਤਿਹਾਸ ਦੇ ਪ੍ਰੇਮ ਹੁਲਾਰੇ ਮਾਰ ਰਿਹਾ ਸੀ। ਕਾਲਜ ਦੇ ਨੌਜਵਾਨ ਸਿੱਖ ਵਿਦਿਆਰਥੀ ਪੰਥਕ ਖੇਤਰ ਵਿਚ ਕੁੱਝ ਕਰਕੇ ਵਿਖਾਉਣ ਬਾਰੇ ਵਿਚਾਰਾਂ ਕਰਦੇ ਰਹਿੰਦੇ ਸਨ। ਪ੍ਰੋ. ਜੋਧ ਸਿੰਘ, ਮਾਸਟਰ ਤਾਰਾ ਸਿੰਘ, ਸ. ਮਾਨ ਸਿੰਘ, ਸ. ਅਮਰ ਸਿੰਘ, ਮਾਸਟਰ ਈਸ਼ਰ ਸਿੰਘ ਆਦਿ ਸੱਜਣ ਜੋ ਮਗਰੋਂ ਪੰਥਕ ਸੇਵਾ ਦੇ ਕਾਰਜਾਂ ਲਈ ਪ੍ਰਸਿੱਧ ਹੋਏ ਇਨ੍ਹਾਂ ਦਿਨਾਂ ਵਿਚ ਖ਼ਾਲਸਾ ਕਾਲਜ ਵਿਚ ਹੀ ਪੜ੍ਹਦੇ ਸਨ।

ਸ. ਅਮਰ ਸਿੰਘ (ਵਾਸੂ), ਮਾ. ਈਸ਼ਰ ਸਿੰਘ ਢੋਟੀਆਂ ਤਰਨ-ਤਾਰਨ ਤੇ ਸ. ਗੁਰਮੁਖ ਸਿੰਘ ਢੋਟੀਆਂ ਆਪ ਦੇ ਖਾਸ ਜੋਟੀਦਾਰ ਸਨ। ਆਪ ਚਾਰੋ ਮਿੱਤਰ ਕੋਈ ਮਹਾਨ ਪੰਥਕ ਕਾਰਜ ਕਰਕੇ ਵਿਖਾਉਣ ਲਈ ਸੋਚਦੇ ਰਹਿੰਦੇ। ਸ. ਕਰਮ ਸਿੰਘ ਨੇ ਕਿਹਾ, "ਮੈਂ ਇਤਿਹਾਸ ਦੀ ਵਿਗਿਆਨਕ ਢੰਗ ਨਾਲ ਖੋਜ ਕਰਾਂਗਾ ਤੇ ਸਿੱਖ ਇਤਿਹਾਸ ਲਿਖਾਂਗਾ, ਕਿਉਂਕਿ ਸਹੀ ਇਤਿਹਾਸ ਤੋਂ ਬਗੈਰ ਕੌਮਾਂ ਨਾ ਜ਼ਿੰਦਾ ਰਹਿ ਸਕਦੀਆਂ ਹਨ ਤੇ ਨਾ ਅੱਗੇ ਵੱਧ ਸਕਦੀਆਂ ਹਨ"। ਇਨ੍ਹਾਂ ਚੌਹਾਂ ਮਿੱਤਰਾਂ ਨੇ ਬੈਠ ਕੇ ਸਲਾਹ ਕੀਤੀ ਤੇ ਆਪੋ ਆਪਣੇ ਲਈ ਵੱਖ-ਵੱਖ ਕੰਮ ਚੁਣ ਕੇ ਮਿਥ ਕੇ ਪ੍ਰਣ ਕੀਤੇ ਕਿ ਅਸੀਂ ਇਨ੍ਹਾਂ ਕਾਰਜਾਂ ਨੂੰ ਸਿਰੇ ਚਾੜ੍ਹਣ ਲਈ ਆਪਣੇ ਜੀਵਨ ਅਰਪਨ ਕਰਾਂਗੇ।

ਕਰਮ ਸਿੰਘ ਹੁਣ ਦਿਨ-ਰਾਤ 20-20 ਘੰਟੇ ਪੜ੍ਹਦੇ ਰਹਿੰਦੇ। ਆਪ ਨੇ ਫ਼ਾਰਸੀ ਤੇ ਹਿੰਦੀ ਦੀ ਚੰਗੀ ਤਰ੍ਹਾਂ ਪੜ੍ਹਾਈ ਕਰ ਲਈ, ਚੰਗੀ ਅੰਗਰੇਜ਼ੀ ਪੜ੍ਹਨੀ ਲਿਖਣੀ ਸਿੱਖ ਲਈ। ਇਤਿਹਾਸਕ ਪੁਸਤਕਾਂ ਪੜ੍ਹਨ ਦਾ ਸ਼ੌਕ ਸਹਿਜੇ-ਸਹਿਜੇ ਇਤਿਹਾਸਕ ਇਸ਼ਕ ਵਿਚ ਬਦਲ ਗਿਆ।

1905 ਦਾ ਵਰ੍ਹਾ ਬੀਤ ਰਿਹਾ ਸੀ। ਬੀ.ਏ ਫਾਈਨਲ ਦੇ ਇਮਤਿਹਾਨ ਵਿਚ ਤਿੰਨ ਚਾਰ ਮਹੀਨੇ ਰਹਿੰਦੇ ਸਨ। ਆਪ ਇਕ ਦਿਨ ਆਪਣੇ ਮਿੱਤਰਾਂ ਨੂੰ ਕਹਿਣ ਲੱਗੇ ਕਿ "ਭਰਾਵੋ! ਮੈਂ ਹੁਣ ਪੜ੍ਹ ਨਹੀਂ ਸਕਦਾ, ਮੇਰਾ ਹਿਰਦਾ ਸਿੱਖ ਇਤਿਹਾਸ ਦੀ ਖੋਜ ਲਈ ਖਿੰਡਿਆਂ-ਪੁੰਡਿਆ ਮਸਾਲਾ ਇਕੱਤਰ ਕਰਨ ਲਈ ਬੇਚੈਨ ਹੋ ਉਠਿਆ ਹੈ। ਖਾਸ ਕਰਕੇ ਜਦ ਮੈਂ ਵੇਖਦਾ ਹਾਂ ਕਿ ਸਿੱਖ ਰਾਜ ਸਮੇਂ ਦੇ ਅੱਸੀ-ਨੱਬੇ ਸਾਲ ਦੇ ਬਿਰਧ ਬਾਬੇ ਜਿਨ੍ਹਾਂ ਨੇ ਸਿੱਖ ਰਾਜ ਦੀਆਂ ਚੜ੍ਹਦੀਆਂ ਤੇ ਢਹਿੰਦੀਆਂ ਕਲਾ ਅੱਖੀਂ ਵੇਖੀਆਂ ਜਾਂ ਸੁਣੀਆਂ ਹਨ, ਅੰਗਰੇਜ਼ਾਂ ਨਾਲ ਜੁਧਾਂ-ਜੰਗਾਂ ਵਿਚ ਆਪ ਹਿੱਸਾ ਲਿਆ ਹੈ, ਉਹ ਇਕ ਇਕ ਕਰਕੇ ਅੱਖਾਂ ਮੀਟਦੇ ਜਾ ਰਹੇ ਹਨ। ਜਦੋਂ ਮੈਂ ਕਿਸੇ ਇਕ ਬਾਬੇ ਦੇ ਮਰਨ ਦੀ ਖ਼ਬਰ ਸੁਣਦਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਕੁੱਝ ਬਹੁ-ਮੁੱਲੀ ਇਤਿਹਾਸਕ ਦੌਲਤ ਅਲੋਪ ਹੋ ਰਹੀ ਹੈ। ਸੋ ਮੈਂ

ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਲਿਖਣੇ ਅਤੀ ਜ਼ਰੂਰੀ ਸਮਝਦਾ ਹਾਂ। ਮਿੱਤਰਾਂ, ਪ੍ਰਿੰਸੀਪਲ ਸਾਹਿਬ ਤੇ ਪ੍ਰੋਫੈਸਰਾਂ ਨੇ ਵੀ ਸਮਝਾਇਆ ਕਿ ਇਮਤਿਹਾਨ ਛੱਡ ਕੇ ਜਾਣਾ ਸਿਆਣਪ ਨਹੀਂ ਹੈ, ਪਰ ਆਪ ਨਾ ਹੀ ਮੰਨੇ। ਕਹਿਣ ਲੱਗੇ, ''ਜੇ ਇਨ੍ਹਾਂ ਚੌਹਾਂ ਮਹੀਨਿਆਂ ਵਿਚ ਕੁੱਝ ਬਿਰਧ ਬਾਬੇ ਵੀ ਅਕਾਲ ਚਲਾਣਾ ਕਰ ਜਾਣ ਜਿਨ੍ਹਾਂ ਦੇ ਹਿਰਦੇ ਵਿਚ ਬਹੁ-ਮੁੱਲਾ ਇਤਿਹਾਸਕ ਖਜ਼ਾਨਾ ਜਮ੍ਹਾ ਹੈ ਤਾਂ ਫਿਰ ਉਹ ਕਿਥੋਂ ਮਿਲੇਗਾ? ਪੜ੍ਹਾਈ ਤਾਂ ਫਿਰ ਵੀ ਹੋ ਜਾਏਗੀ, ਪਰ ਇਹ ਬਿਰਧ ਬਾਬੇ ਫਿਰ ਕਿਤੋਂ ਨਹੀਂ ਮਿਲਣਗੇ''। ਆਪ ਨੇ ਇਕ ਵੀ ਗੱਲ ਨਾ ਮੰਨੀ ਤੇ ਪਿੰਡ-ਪਿੰਡ ਜਾ ਕੇ ਬਿਆਨ ਲਿਖਣ ਲਈ ਕਮਰ ਕੱਸੇ ਕਰ ਲਏ।

ਪਿਤਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਖਰਚਾ ਦੇਣਾ ਬੰਦ ਕਰ ਦਿੱਤਾ। ਉਸ ਸਮੇਂ ਇਤਿਹਾਸਕ ਖੋਜ ਦੀ ਕਦਰ ਕਿਸ ਨੂੰ ਸੀ? ਸਭ ਸਮਝਦੇ ਸਨ ਕਿ ਕਰਮ ਸਿੰਘ ਪਾਗਲ ਹੈ ਜੋ ਇਮਤਿਹਾਨ ਛੱਡ ਕੇ ਇਸ ਪਾਸੇ ਜਾ ਰਿਹਾ ਹੈ। ਆਪ ਪਾਸ ਕੇਵਲ ਪੰਜ ਸੱਤ ਰੁਪਏ ਸਨ, ਪਰ ਹਿਰਦੇ ਵਿਚ ਇਤਿਹਾਸਕ ਇਸ਼ਕ ਦੀ ਅੱਗ ਦੇ ਭਾਂਬੜ ਬਾਲੇ ਹੋਏ ਸਨ।

ਵਹਿਣ ਪਏ ਦਰਿਆਵਾਂ ਦੇ ਮੁੜਨ ਨਾਹੀਂ ਭਾਵੇਂ ਘੱਤੀਆਂ ਬੰਨੀਆਂ ਭਾਰੀਆਂ ਵੇ।

ਆਪ ਗਲ਼ ਵਿਚ ਬਸਤਾ ਲਟਕਾ ਕੇ ਕਾਗਜ਼ ਤੇ ਕਲਮ ਦੁਆਤ ਲੈ ਕੇ ਸਿੱਖ ਰਾਜ ਸਮੇਂ ਦੇ ਬਿਰਧ ਬਾਬਿਆਂ ਦੀ ਭਾਲ ਵਿਚ ਪਿੰਡਾਂ ਨੂੰ ਤੁਰ ਪਏ। ਆਪ ਪਦ-ਯਾਤਰਾ ਨੂੰ ਸਾਧਾਂ-ਸੰਤਾਂ ਵਾਂਗ ਕੋਈ ਮਹਾਨਤਾ ਨਹੀਂ ਸਨ ਦੇਂਦੇ, ਪਰ ਪੈਸੇ ਨਾ ਹੋਣ ਕਾਰਨ ਆਪ ਨੇ ਬਹੁਤੀ ਯਾਤਰਾ ਪੈਦਲ ਹੀ ਕੀਤੀ। ਜਿਸ ਪਿੰਡ ਵਿਚ ਜਾਂਦੇ, ਰਾਤ ਗੁਰਦੁਆਰੇ ਵਿਚ ਟਿਕ ਜਾਂਦੇ। ਪ੍ਰਸ਼ਾਦ ਪਾਣੀ ਦੀ ਪਿੰਡਾਂ ਵਿਚ ਕੋਈ ਔਖ ਨਹੀਂ ਸੀ, ਪਰ ਕਈ ਵਾਰ ਭੁੱਖੇ ਹੀ ਰਹਿਣਾ ਪੈਂਦਾ। ਜਿਨ੍ਹਾਂ ਕਠਿਨਾਈਆਂ ਵਿਚ ਆਪ ਨੇ ਬਿਰਧ ਬਾਬਿਆਂ ਨੂੰ ਲੱਭ-ਲੱਭ ਕੇ ਵੱਡ-ਮੁੱਲੇ ਬਿਆਨ ਇਕੱਤਰ ਕੀਤੇ, ਉਨ੍ਹਾਂ ਕਠਿਨਾਈਆਂ ਦਾ ਵਰਣਨ ਕਰਨਾ ਕਲਮ ਦੀ ਸ਼ਕਤੀ ਤੋਂ ਬਾਹਰ ਹੈ। ਇਨ੍ਹਾਂ ਮੁਸ਼ਕਿਲਾਂ ਵਿਚ ਆਪ ਦੀ ਜਾਨ ਵੀ ਕਈ ਵਾਰ ਖਤਰਿਆਂ ਵਿਚ ਪੈਂਦੀ ਰਹੀ।

ਇਨ੍ਹਾਂ ਦਿਨਾਂ ਵਿਚ ਕਰਮ ਸਿੰਘ ਦਾ ਇਕ ਮਿੱਤਰ ਮਾਸਟਰ ਈਸ਼ਰ ਸਿੰਘ ਘਰਜਾਖ ਆਸ਼ਰਮ ਗੁਜਰਾਂਵਾਲਾ ਵਿਚ ਪੜ੍ਹਾਉਣ ਤੇ ਲੱਗਾ ਸੀ। ਆਪ ਜੀ ਦਾ ਇਤਿਹਾਸ ਪ੍ਰੇਮ ਦੇਖ ਕੇ 15 ਰੁਪਏ ਵਿਚੋਂ ਅੱਧੀ ਤਨਖਾਹ ਸਾਢੇ ਸਤ ਰੁਪਏ ਆਪ ਜੀ ਨੂੰ ਦੇਣੇ ਸ਼ੁਰੂ ਕਰ ਦਿੱਤੇ। ਉਦੋਂ ਦੇ ਸਾਢੇ ਸੱਤ ਰੁਪਏ ਅੱਜ-ਕੱਲ੍ਹ ਦੇ ਪੰਜ ਕੁ ਸੌ ਦੇ ਬਰਾਬਰ ਹੁੰਦੇ ਸਨ। ਭਾਈ ਤਖਤ ਸਿੰਘ ਜੀ ਫਿਰੋਜ਼ਪੁਰ ਵਾਲੇ ਤੇ ਭਾਈ ਮੋਹਨ ਸਿੰਘ ਵੈਦ ਤਰਨ-ਤਾਰਨ ਵਾਲੇ ਵੀ ਆਪ ਦਾ ਇਸ ਕਾਰਜ ਵਿਚ ਉਤਸ਼ਾਹ ਵਧਾਂਦੇ ਰਹਿੰਦੇ ਤੇ ਸਹਾਇਤਾ ਕਰਦੇ ਰਹਿੰਦੇ ਸਨ।

ਉਨ੍ਹਾਂ ਦਿਨਾਂ ਦੀ ਇਕ ਦਿਲਚਸਪ ਘਟਨਾ ਆਪ ਜੀ ਦੀ ਡਾਇਰੀ ਤੋਂ ਮਿਲਦੀ ਹੈ ਕਿ ਪੰਜਾਬ ਵਿਚ ਪਲੇਗ ਦੀ ਬਿਮਾਰੀ ਫੈਲ ਰਹੀ ਸੀ। ਆਪ ਨੂੰ ਚੇਲੀਆਂ ਵਾਲੇ ਪਿੰਡ ਵਿਚ ਇਕ ਸੌ ਵਰ੍ਹੇ ਤੋਂ ਉਪਰ ਉਮਰ ਦੇ ਬਿਰਧ ਬਾਬੇ ਦਾ ਪਤਾ ਲੱਗਾ, ਜਿਸ ਨੂੰ ਸਿੱਖ ਰਾਜ ਸਮੇਂ ਦੀਆਂ ਘਟਨਾਵਾਂ ਦੀ ਵਾਕਫੀ ਸੀ। ਆਪ ਉਸ ਪਿੰਡ ਵਿਚ ਪਹੁੰਚੇ ਤਾਂ ਉਥੇ ਪਲੇਗ ਪਈ ਹੋਈ ਸੀ, ਲੋਕੀ ਪਿੰਡ ਛੱਡ ਕੇ ਬਾਹਰ ਨੱਸ ਗਏ ਸਨ। ਪਿੰਡ ਵਿਚ ਉਹ ਬਿਰਧ ਬਾਬਾ ਤੇ

ਉਸ ਦੇ ਕੁੱਝ ਸਬੰਧੀ ਸਨ, ਜੋ ਪਿੰਡੋਂ ਜਾਣ ਦੀ ਤਿਆਰੀ ਵਿਚ ਸਨ। ਇਨ੍ਹਾਂ ਨੂੰ ਇਸ ਗੱਲ ਦਾ ਫਿਕਰ ਸੀ ਕਿ ਜੇ ਇਸ ਪਲੇਗ ਵਿਚ ਬਾਬਾ ਜੀ ਹੁਰੀਂ ਮਰ ਗਏ ਤਾਂ ਫਿਰ ਮੈਂ ਕੀ ਕਰਾਂਗਾ ਤੇ ਘਰ ਵਾਲਿਆਂ ਨੂੰ ਫਿਕਰ ਸੀ ਕਿ ਇਥੋਂ ਨੱਸ ਕੇ ਬਚਣ ਦਾ ਉਪਾਅ ਕਰੀਏ। ਸ. ਕਰਮ ਸਿੰਘ ਜੀ ਨੇ ਬਾਬਾ ਜੀ ਨਾਲ ਸਿੱਖ ਰਾਜ ਦੀਆਂ ਕਹਾਣੀਆਂ ਛੋਹ ਦਿੱਤੀਆਂ, ਪਰ ਘਰ ਵਾਲਿਆਂ ਨੇ ਸ. ਕਰਮ ਸਿੰਘ ਹੁਰਾਂ ਨੂੰ ਝਾੜ ਪਾਈ ਕਿ ਤੂੰ ਇਹ ਕਿਹਾ ਕੁਵੇਲੇ ਦਾ ਰਾਗ ਛੋਹ ਦਿੱਤਾ ਹੈ। ਸ. ਕਰਮ ਸਿੰਘ ਨੂੰ ਬਹੁਤ ਮਾਯੂਸ ਹੋ ਕੇ ਮੁੜਨਾ ਪਿਆ ਤੇ ਉਹ ਬਾਬਾ ਸੱਚ ਮੁੱਚ ਹੀ ਪਲੇਗ ਨਾਲ ਮਰ ਗਿਆ ਤੇ ਇਹ ਸੁਣ ਕੇ ਸ. ਕਰਮ ਸਿੰਘ ਜੀ ਨੂੰ ਬਹੁਤ ਦੁੱਖ ਹੋਇਆ।

ਆਪ ਜੀ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ ਸਬੰਧੀ ਪੂਰੀ ਖੋਜ ਕਰਨ ਲਈ ਮੱਕੇ ਮਦੀਨੇ ਦੀ ਯਾਤਰਾ ਕਰਨ ਦੀ ਯੋਜਨਾ ਬਣਾਈ। ਜਿਸ ਲਈ ਮੁਸਲਮਾਨੀ ਕੱਪੜੇ ਬਣਵਾ ਕੇ ਆਪ ਕਰਾਚੀ ਪਹੁੰਚ ਗਏ। ਆਪਣੇ ਦੇਸੀ ਦਵਾਈਆਂ ਦੇ ਗਿਆਨ ਸਦਕਾ ਆਪ ਜੀ ਨੇ ਉਥੇ ਹਾਜੀਆਂ ਦੇ ਇਕ ਜਥੇਦਾਰ ਨੂੰ ਆਪਣੇ ਹੱਕ ਵਿਚ ਕਰ ਲਿਆ ਅਤੇ ਉਸ ਜਥੇ ਦਾ ਮੀਤ ਜਥੇਦਾਰ ਬਣ ਕੇ ਆਪ ਜੀ ਨੇ ਸਾਰੀ ਯਾਤਰਾ ਕੀਤੀ। ਜਥੇਦਾਰ ਦੇ ਕਹਿਣ ਅਨੁਸਾਰ ਆਪ ਜੀ ਨੇ ਸੁਰਮੱਈ ਦਸਤਾਰ ਸਜਾ ਕੇ ਵਾਲ ਪਿਛੇ ਛੱਡੇ ਹੁੰਦੇ, ਪੰਜੇ ਨਿਮਾਜ਼ਾਂ ਆਪ ਜੀ ਨੂੰ ਯਾਦ ਹੀ ਸਨ, ਪਰ ਬਗਦਾਦ ਪਹੁੰਚਣ ਤੇ ਆਪ ਜੀ ਦੇ ਮੂੰਹੋਂ ਜਪੁਜੀ ਸਾਹਿਬ ਦੀ ਆਵਾਜ਼ ਸੁਣ ਕੇ ਕੁੱਝ ਪੰਜਾਬੀ ਹਾਜੀਆਂ ਨੂੰ ਆਪ ਜੀ ਉੱਤੇ ਸ਼ੱਕ ਹੋ ਗਿਆ, ਤਾਂ ਉਹਨਾਂ ਨੇ ਆਪ ਜੀ ਨੂੰ ਸੁੰਨਤ ਦਿਖਾਉਣ ਲਈ ਕਿਹਾ ਜਿਸ ਤੇ ਆਪ ਨੇ ਜੁਆਬ ਦਿੱਤਾ ਕਿ ਅਜੇ ਮੇਰੀ ਸੁੰਨਤ ਨਹੀਂ ਹੋਈ ਤਾਂ ਉਨ੍ਹਾਂ ਕਿਹਾ ਕਿ ਪਰਸੋਂ ਜੁੰਮੇ ਵਾਲੇ ਦਿਨ ਤੇਰੀ ਸੁੰਨਤ ਵੀ ਕਰਾਵਾਂਗੇ ਤੇ ਵਾਲ ਵੀ ਕਟਵਾਵਾਂਗੇ। ਸ. ਕਰਮ ਸਿੰਘ ਜੀ ਬਹੁਤ ਦੁਖੀ ਹੋਏ, ਪਰ ਇਸ ਸਮੇਂ ਆਪਣੇ ਇਕ ਦੋਸਤ ਦੇ ਚਾਚੇ ਦਾ ਖਿਆਲ ਆ ਗਿਆ ਜੋ ਉਥੇ ਬਗਦਾਦ ਵਿਚ ਹੀ ਪੁਲਿਸ ਅਫ਼ਸਰ ਸੀ, ਆਪ ਜੀ ਉਸ ਕੋਲ ਜਾ ਪਹੁੰਚੇ ਤਾਂ ਉਸ ਨੇ ਆਪ ਜੀ ਨੂੰ ਆਪਣੇ ਕੋਲ ਹੀ ਰੱਖ ਲਿਆ ਅਤੇ ਤੰਗ ਕਰਨ ਵਾਲਿਆਂ ਨੂੰ ਸਖਤੀ ਨਾਲ ਤਾੜਨਾ ਕੀਤੀ, ਪਰ ਆਪ ਜੀ ਮੱਕੇ ਨਾ ਜਾ ਸਕੇ ਅਤੇ ਬਗਦਾਦ ਤੋਂ ਹੀ ਗੁਰੂ ਨਾਨਕ ਸਾਹਿਬ ਜੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰਕੇ ਵਾਪਿਸ ਆ ਗਏ।

ਜਦੋਂ ਸ. ਕਰਮ ਸਿੰਘ ਜੀ ਬਗਦਾਦ ਯਾਤਰਾ ਤੋਂ ਵਾਪਸ ਮੁੜੇ ਤਾਂ ਆਪ ਕੜਾਹ ਪ੍ਰਸ਼ਾਦ ਕਰਵਾ ਕੇ ਅਕਾਲ ਤਖ਼ਤ ਸਾਹਿਬ ਹਾਜ਼ਰ ਹੋਏ। ਅੱਗੋਂ ਗ੍ਰੰਥੀ ਸਾਹਿਬ ਕਹਿਣ ਲੱਗੇ, ''ਤੁਸੀਂ ਮੁਸਲਮਾਨੀ ਦੇਸ਼ ਵਿਚ ਗਏ, ਮੁਸਲਮਾਨ ਦੇ ਹੱਥ ਦਾ ਪ੍ਰਸ਼ਾਦ ਛਕਦੇ ਰਹੇ ਹੋ, ਇਸ ਕਰਕੇ ਤੁਹਾਡਾ ਅਰਦਾਸਾ ਨਹੀਂ ਹੋ ਸਕਦਾ। ਤਨਖਾਹ ਲਵਾ ਕੇ ਅੰਮ੍ਰਿਤ ਛਕੋ, ਫਿਰ ਅਰਦਾਸਾ ਹੋਵੇਗਾ। ਇਹ ਉਹ ਦਿਨ ਸਨ ਜਦੋਂ ਗੁਰਦੁਆਰਿਆਂ ਉੱਤੇ ਉਨ੍ਹਾਂ ਪੁਜਾਰੀਆਂ ਦਾ ਕਬਜ਼ਾ ਸੀ, ਜੋ ਅੰਮ੍ਰਿਤਧਾਰੀ, ਤਿਆਰ-ਬਰ-ਤਿਆਰ ਸਿੰਘ ਸਭੀਆਂ ਦੇ ਅਰਦਾਸੇ ਨਹੀਂ ਸੀ ਕਰਦੇ। ਕਹਿੰਦੇ ਸਨ-ਤੁਸੀਂ ਚੂਹੜੇ-ਚਮਾਰਾਂ ਨੂੰ ਅੰਮ੍ਰਿਤ ਛਕਾਂਦੇ ਹੋ, ਮੁਸਲਮਾਨਾਂ ਤੋਂ ਛੂਤ-ਛਾਤ ਨਹੀਂ ਕਰਦੇ। ਸ. ਕਰਮ ਸਿੰਘ ਜੀ ਨੇ ਅੱਗੋਂ ਜਵਾਬ ਦਿੱਤਾ ਕਿ

ਸਤਿਗੁਰੂ ਬਖਸ਼ਿੰਦ ਅਤੇ ਜਾਣੀ-ਜਾਣ ਹੈ ਮੈਂ ਕੋਈ ਕੁਰਹਿਤ ਨਹੀਂ ਕੀਤੀ, ਮੁਸਲਮਾਨਾਂ ਦੇ ਹੱਥ ਦਾ ਤਿਆਰ ਕੀਤਾ ਭੋਜਨ ਛਕਣਾ, ਸਿੱਖੀ ਦੇ ਵਿਰੁੱਧ ਨਹੀਂ, ਪਰ ਜੇ ਤੁਸੀਂ ਇਸ ਨੂੰ ਭੁੱਲ ਮੰਨ ਕੇ ਤਨਖਾਹ ਲਾਉਣਾ ਚਾਹੁੰਦੇ ਹੋ ਤਾਂ ਮੈਨੂੰ ਤਾਂ ਅਜੇ ਪਤਾ ਨਹੀਂ ਕਿੰਨਾ ਚਿਰ ਇਸੇ ਤਰ੍ਹਾਂ ਹੀ ਵਿਚਰਨਾ ਪਵੇਗਾ, ਸੋ ਚੰਗਾ ਹੈ ਕਿ ਸਿੱਖ ਇਤਿਹਾਸ ਲਿਖਣ ਮਗਰੋਂ ਇਕੱਠੀ ਹੀ ਭੁੱਲ ਬਖਸ਼ਵਾ ਕੇ ਤਨਖਾਹ ਲਵਾ ਲਵਾਂਗਾ।

ਬਗਦਾਦ ਤੋਂ ਮੁੜ ਕੇ ਆਪ ਜੀ ਨੇ 'ਬੰਦਾ ਬਹਾਦਰ' ਅਤੇ 'ਕੱਤਕ ਕਿ ਵਸਾਖ' ਪੁਸਤਕਾਂ ਲਿਖੀਆਂ। ਆਪ ਜੀ ਦੀ ਇਤਿਹਾਸਕ ਖੋਜ ਅਤੇ ਲਿਖਣ ਦੇ ਨਵੀਨ ਢੰਗ ਸ਼ਰਧਾ ਭਗਤੀ ਵਾਲਿਆਂ ਨੂੰ ਪਸੰਦ ਨਾ ਆਇਆ। ਆਪ ਜੀ ਨੂੰ ਕਿਸੇ ਵੀ ਸੰਸਥਾ ਜਾਂ ਸਿੱਖ ਆਗੂ ਨੇ ਇਹਨਾਂ ਕਿਤਾਬਾਂ ਨੂੰ ਛਾਪਣ ਅਤੇ ਹੋਰ ਇਤਿਹਾਸਕ ਖੋਜ ਕਰਨ ਲਈ ਕੋਈ ਵੀ ਮਦਦ ਨਾ ਕੀਤੀ ਅਤੇ ਮਾਇਆ ਤੋਂ ਬਿਨਾਂ ਇਹ ਕੰਮ ਹੋ ਹੀ ਨਹੀਂ ਸਨ ਸਕਦੇ। ਇਸ ਲਈ ਆਪ ਜੀ ਨੇ ਮਾਇਆ ਵੱਲੋਂ ਬੇਫਿਕਰ ਹੋਣ ਲਈ ਆਪਣੇ ਮਿੱਤਰ ਸ. ਅਮਰ ਸਿੰਘ ਜੀ ਵਾਸੂ ਨਾਲ ਰਲ ਕੇ ਸਰਗੋਧੇ ਵਿਖੇ ਸਨਿਆਸੀ ਆਸ਼ਰਮ ਨਾਂ ਦਾ ਦਵਾਖਾਨਾ ਖੋਲ੍ਹਿਆ। ਆਪ ਜੀ ਦੀ ਦੇਸੀ ਦਵਾਈਆਂ ਸਬੰਧੀ ਚੰਗੀ ਜਾਣਕਾਰੀ ਸਕਦਾ ਇਸ ਕੰਮ ਰਾਹੀਂ ਆਪ ਜੀ ਨੂੰ ਚੰਗੀ ਆਮਦਨ ਸ਼ੁਰੂ ਹੋ ਗਈ, ਪਰ ਆਪ ਜੀ ਦੇ ਦੋਸਤ ਪੰਡਿਤ ਜਵਾਲਾ ਸਿੰਘ ਜੀ ਆਪ ਜੀ ਨੂੰ ਪਟਿਆਲੇ ਲੈ ਗਏ ਅਤੇ ਸਟੇਟ ਹਿਸਟੋਰੀਅਨ ਮੁਕੱਰਰ ਕਰਵਾ ਦਿੱਤਾ, ਆਪ ਜੀ ਨੇ ਉਥੇ 'ਮਹਾਰਾਜਾ ਆਲਾ ਸਿੰਘ' ਲਿਖਿਆ, ਪਰ ਪਟਿਆਲੇ ਦਰਬਾਰ ਦੇ ਦਮ ਘੋਟੂ ਵਾਤਾਵਰਨ ਤੋਂ ਤੰਗ ਆਕੇ ਆਪ ਜੀ ਨੇ ਨੌਕਰੀ ਛੱਡ ਦਿੱਤੀ। ਫਿਰ ਚਿੱਤਰ ਪ੍ਰਕਾਸ਼ਿਤ ਕੰਪਨੀ ਸ਼ੁਰੂ ਕੀਤੀ, ਪਰ ਫਿਰ ਪਤਾਰਸੀ (ਪਟਿਆਲਾ) ਵਿਖੇ ਜ਼ਮੀਨ ਲੈ ਕੇ ਵਿਲਾਇਤੀ ਢੰਗਾਂ ਨਾਲ ਖੇਤੀ ਬਾੜੀ ਸ਼ੁਰੂ ਕਰ ਦਿੱਤੀ। ਯੂ.ਪੀ. ਵਿਚ ਨੈਨੀਤਾਲ ਦੇ ਪਾਸ ਤਿੰਨ ਕੁ ਹਜ਼ਾਰ ਬਿੱਘੇ ਜ਼ਮੀਨ ਲੈ ਕੇ ਖੇਤੀ ਬਾੜੀ ਸ਼ੁਰੂ ਕੀਤੀ ਅਤੇ ਆਪਣੀ ਰਿਹਾਇਸ਼ ਪਿੰਡ ਨਿਆਂ ਗਾਓ ਵਿਖੇ ਰੱਖੀ। ਬਹੁਤ ਮਹਿੰਗੀਆਂ ਮਸ਼ੀਨਾਂ ਨਾਲ ਨਵੇਂ ਢੰਗਾਂ ਨਾਲ ਅਤੇ ਪੂਰੀ ਸਰਗਰਮੀ ਨਾਲ ਖੇਤੀ ਦਾ ਕੰਮ ਕੀਤਾ, ਪਰ ਆਪ ਜੀ ਆਪਣੇ ਇਤਿਹਾਸਕ ਖੋਜ ਦੇ ਕੰਮ ਨੂੰ ਭੁੱਲੇ ਨਹੀਂ। ਆਪ ਨੇ ਇਸ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸ਼ੁਰੂ ਹੋਣ ਤਕ ਦੇ ਸਮੇਂ ਦੀ ਇਤਿਹਾਸਕ ਖੋਜ ਵੱਖ-ਵੱਖ ਲਾਇਬ੍ਰੇਰੀਆਂ ਵਿਚ ਜਾ ਕੇ ਪੂਰੀ ਸਰਗਮਰੀ ਨਾਲ ਕੀਤੀ। ਹਿੰਦੁਸਤਾਨ ਦੀ ਸ਼ਾਇਦ ਹੀ ਕੋਈ ਲਾਇਬ੍ਰੇਰੀ ਹੋਵੇਗੀ ਜਿਥੇ ਆਪ ਨਾ ਪਹੁੰਚੇ ਹੋਣ ਅਤੇ ਇਤਿਹਾਸ ਦੀ ਸਾਇਦ ਹੀ ਕੋਈ ਅੰਗਰੇਜ਼ੀ ਅਤੇ ਫਾਰਸੀ ਦੀ ਕਿਤਾਬ ਹੋਵੇਗੀ ਜੋ ਆਪ ਜੀ ਦੀ ਨਜ਼ਰ ਵਿਚੋਂ ਨਾ ਨਿਕਲੀ ਹੋਵੇ। ਆਪ ਜੀ ਨੇ ਉਸ ਸਮੇਂ ਦੀਆਂ ਸਭ ਇਤਿਹਾਸਕ ਗੁੰਝਲਾਂ ਖੋਲ੍ਹ ਲਈਆਂ। 13-14 ਕਾਪੀਆਂ ਆਪ ਜੀ ਦੇ ਨੋਟਸ ਨਾਲ ਭਰੀਆਂ ਸਨ। ਆਪ ਜੀ ਦਾ ਦਿਲ ਅਜੇ ਬ੍ਰਿਟਸ਼ ਮਿਊਜ਼ੀਅਮ ਲੰਡਨ ਜਾ ਕੇ ਖੋਜ ਕਰਨ ਦਾ ਵੀ ਸੀ, ਪਰ ਵਕਤ ਨੇ ਸਾਥ ਨਾ ਦਿੱਤਾ। ਆਪਣੀ ਪੜ੍ਹਨ ਦੀ ਲਗਨ ਕਰਕੇ ਆਪ ਜੀ ਆਪਣੀ ਇਕ ਅੱਖ ਦੀ ਰੌਸ਼ਨੀ ਹੀ ਗੁਆ ਬੈਠੇ, ਕਿਉਂਕਿ ਕੱਚੇ ਜ਼ਖਮ ਵਿਚ ਹੀ ਆਪ ਜੀ ਨੇ ਆਪਣੀ

ਅੱਖ ਦੀ ਪੱਟੀ ਇਕ ਨਵੀਂ ਕਿਤਾਬ ਪੜ੍ਹਨ ਲਈ ਖੋਲ੍ਹ ਦਿੱਤੀ ਸੀ। ਬਹੁਤੀ ਦਿਮਾਗੀ ਮਿਹਨਤ ਅਤੇ ਸਰੀਰਕ ਅਰੋਗਤਾ ਵੱਲੋਂ ਬੇਪਰਵਾਹੀ ਕਾਰਨ ਆਪ ਜੀ ਤਪਦਿਕ ਦੇ ਸ਼ਿਕਾਰ ਹੋ ਗਏ, ਪਰ ਬਹੁਤ ਸਾਰੀਆਂ ਦੇਸੀ ਦਵਾਈਆਂ ਜਾਨਣ ਕਾਰਨ ਆਪ ਨੇ ਆਪਣੀ ਬਿਮਾਰੀ ਨੂੰ ਦਬਾਈ ਰੱਖਿਆ। ਅਗਸਤ 1930 ਵਿਚ ਆਪ ਨੂੰ ਮਲੇਰੀਆ ਹੋਇਆ। ਪਹਿਲਾਂ ਤੋਂ ਹੀ ਕਮਜ਼ੋਰ ਸਰੀਰ ਨੂੰ ਇਹ ਛੋਟੀ ਜਿਹੀ ਬਿਮਾਰੀ ਹੀ ਲੈ ਬੈਠੀ। 10 ਸਤੰਬਰ 1930 ਨੂੰ ਆਪ ਪੰਥ ਨੂੰ ਅਸਹਿ ਅਤੇ ਅਕਹਿ ਦੁਖਦਾਇਕ ਸਦੀਵੀ ਵਿਛੋੜਾ ਦੇ ਗਏ।

ਆਪ ਜੀ ਦੀਆਂ ਪ੍ਰਮੁੱਖ ਰਚਨਾਵਾਂ, ਜੋ ਆਪ ਜੀ ਦੁਆਰਾ ਅਤੇ ਆਪ ਜੀ ਦੇ ਨੋਟਸਾਂ ਦੇ ਦੁਆਰਾ ਪ੍ਰਕਾਸ਼ਿਤ ਹੋ ਸਕੀਆਂ ਉਹ ਹੇਠ ਲਿਖੀਆਂ ਹਨ:

(1) ਬੰਦਾ ਬਹਾਦਰ (2) ਕੱਤਕ ਕਿ ਵਿਸਾਖ (3) ਜੀਵਨ ਹਰਨਾਮ ਕੌਰ (4) ਜੀਵਨ ਸਦਾ ਕੌਰ (5) ਬੰਦਾ ਕੌਣ ਥਾ (ਉਰਦੂ ਵਿਚ) (6) ਮਹਾਰਾਜਾ ਆਲਾ ਸਿੰਘ (7) ਗੁਰਪੁਰਬ (ਨਿਰਣੈ) (8) ਅਮਰ ਖ਼ਾਲਸਾ (9) ਗੁਰੂ ਗਾਥਾ (10) ਇਤਿਹਾਸਕ ਖੋਜ (11) ਵਡਮੁੱਲੇ ਲੇਖ

ਸ਼ਖਸੀਅਤ:- ਆਪ ਜੀ ਲੰਮੇ, ਪਤਲੇ, ਸਦਾ ਉਤਸ਼ਾਹ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ, ਸਾਦੀ ਰਹਿਣੀ ਦੇ ਮਾਲਕ ਅਤੇ ਬੁ-ਪੱਖੀ ਗਿਆਨ ਵਾਲੇ ਵਿਦਵਾਨ ਸਨ, ਪਰ ਫਿਰ ਵੀ ਆਪ ਜੀ ਦੀ ਬਾ-ਮੁਹਾਵਰਾ ਪੰਜਾਬੀ ਬੋਲੀ ਵਿਚ ਲਗਦੀ ਵਾਹ ਅੰਗਰੇਜ਼ੀ ਅਤੇ ਫ਼ਾਰਸ਼ੀ ਦਾ ਕੋਈ ਸ਼ਬਦ ਨਾ ਹੁੰਦਾ। ਆਪ ਨਿੱਘੇ ਮਿੱਤਰ, ਅਣਥੱਕ ਖੋਜੀ, ਸੱਚੇ ਕਿਰਤੀ, ਗੁਣਕਾਰੀ ਸੱਜਣ, ਨਿੱਡਰ ਅਤੇ ਸਦਾ ਸੱਚ ਬੋਲਣ ਵਾਲੇ ਲੇਖਕ ਸਨ। ਆਪ ਜੀ ਦੀ ਯਾਦ ਸ਼ਕਤੀ ਬਹੁਤ ਬਲਵਾਨ ਸੀ ਜਿਸ ਕਾਰਨ ਆਪ ਨੋਟ ਘੱਟ ਕਰਦੇ ਸਨ, ਪਰ ਇਸ ਦਾ ਸਿੱਖ ਪੰਥ ਨੂੰ ਬਹੁਤ ਵੱਡਾ ਘਾਟਾ ਪਿਆ ਜਦੋਂ ਬਹੁਤ ਸਾਰਾ ਆਪ ਦੀ ਯਾਦਦਾਸ਼ਤ ਵਿਚ ਪਿਆ ਇਤਿਹਾਸਕ ਖੋਜ ਦਾ ਗਿਆਨ ਆਪ ਜੀ ਦੇ ਨਾਲ ਹੀ ਚਲਾ ਗਿਆ। ਆਪ ਜੀ ਦਾ ਜੀਵਨ ਇਤਿਹਾਸਕ ਖੋਜ ਦੀ ਪ੍ਰੇਰਨਾ ਦੇਣ ਲਈ ਇਕ ਮਿਸਾਲ ਹੈ।

-0-

14. ਪ੍ਰੋਫੈਸਰ ਸਾਹਿਬ ਸਿੰਘ ਜੀ

ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਜਨਮ 16 ਫਰਵਰੀ, ਸੰਨ 1892 ਨੂੰ ਪਿੰਡ ਫਤੇਵਾਲੀ, ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਹੀਰਾ ਨੰਦ ਅਤੇ ਮਾਤਾ ਦਾ ਨਾਮ ਨਿਹਾਲ ਦੇਈ ਸੀ, ਆਪ ਜੀ ਦਾ ਪਹਿਲਾ ਨਾਮ ਨੱਥੂ ਰਾਮ ਸੀ। ਆਪ ਜੀ ਦੇ ਜਨਮ ਤੋਂ ਕੁੱਝ ਦਿਨਾਂ ਬਾਅਦ ਹੀ ਆਪ ਜੀ ਦੇ ਪਿਤਾ ਨੇ ਪਿੰਡ ਤੋਂ ਸੱਤ ਮੀਲ ਦੂਰ 'ਥਰਪਾਲ' ਵਿਖੇ ਹੱਟੀ ਪਾ ਲਈ ਅਤੇ ਰਿਹਾਇਸ਼ ਵੀ ਉਥੇ ਹੀ ਕਰ ਲਈ। ਆਪ ਜੀ ਦੀ ਮੁੱਢਲੀ ਵਿਦਿਆ ਸਾਢੇ ਚਾਰ ਸਾਲ ਦੀ ਉਮਰ ਵਿਚ, 'ਮੀਆਂ ਹਯਾਤ ਸ਼ਾਹ' ਕੋਲ ਆਰੰਭ ਹੋਈ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਪ੍ਰਸਿੱਧ ਦਰਬਾਰੀ ਕਵੀ ਹਾਸ਼ਮ

ਸ਼ਾਹ ਦਾ ਪੁੱਤਰ ਸੀ ਅਤੇ ਆਪ ਵੀ ਪੰਜਾਬੀ ਦਾ ਪ੍ਰਸਿੱਧ ਦਰਬਾਰੀ ਕਵੀ ਸੀ। ਇਸ ਤੋਂ ਬਾਅਦ ਆਪ ਜੀ ਨੇ ਰਈਏ ਤਹਿਸੀਲ ਦੇ ਪ੍ਰਾਇਮਰੀ ਸਕੂਲ ਤੋਂ 1902 ਵਿਚ ਪੰਜਵੀਂ ਜਮਾਤ ਪਾਸ ਕੀਤੀ ਜੋ ਕਿ ਥਰਪਾਲ ਤੋਂ ਪੰਜ ਮੀਲਾਂ ਤੇ ਗੋਤਾ ਫਤਿਹਗੜ੍ਹ ਪਿੰਡ ਵਿਚ ਸੀ। ਆਪ ਰਾਵਲਪਿੰਡੀ ਡਿਵੀਜ਼ਨ ਵਿਚ ਪਹਿਲੇ ਦਰਜੇ ਤੇ ਆਏ ਤੇ ਆਪ ਨੂੰ ਛੇ ਰੁਪਏ ਮਹੀਨਾ ਵਜ਼ੀਫਾ ਲੱਗ ਗਿਆ।

ਥਰਪਾਲ ਪਿੰਡ ਤੋਂ ਗੋਤਾ ਫਤਹਿ ਗੜ੍ਹ ਦੇ ਰਸਤੇ ਵਿਚ ਇਕ ਪਿੰਡ 'ਢੇਹ' ਦੇ ਫ਼ੌਜੀ ਸਿੰਘ ਆਏ ਹੋਏ ਸਨ, ਜੋ ਹਿੰਦੂ ਅਤੇ ਮੁਸਲਮਾਨਾਂ ਫ਼ੌਜੀਆਂ ਨਾਲੋਂ ਵਧੀਕ ਸੋਹਣੇ ਅਤੇ ਜਵਾਨ ਲੱਗਦੇ ਸਨ, ਨੂੰ ਵੇਖ ਕੇ ਮਨ ਵਿਚ ਕੇਸ ਅਤੇ ਦਾੜ੍ਹਾ ਰੱਖਣ ਦਾ ਖਿਆਲ ਪੱਕਾ ਹੋ ਗਿਆ। ਕੇਸ ਰਖਣ ਦੇ ਫੁਰਨੇ ਨਾਲ ਹੀ ਆਪ ਜੀ ਨੇ ਆਪਣਾ ਨਾਮ ਨਥੂ ਰਾਮ ਤੋਂ ਬਦਲ ਕੇ ਸਾਹਿਬ ਸਿੰਘ ਰੱਖਣ ਬਾਰੇ ਸੋਚ ਲਿਆ।

ਜਦੋਂ ਆਪ ਅੱਠਵੀਂ ਦਾ ਇਮਤਿਹਾਨ ਦੇ ਕੇ ਘਰ ਵਾਪਸ ਆਏ, ਤਾਂ ਆਪ ਦਾ ਵਿਆਹ 25 ਜਨਵਰੀ 1905 ਨੂੰ ਦੁਰਗਾ ਦੇਵੀ ਨਾਲ ਕਰ ਦਿੱਤਾ ਗਿਆ। ਮਿਡਲ ਪਾਸ ਕਰਨ ਤੋਂ ਬਾਅਦ ਪਿੰਡ ਥਰਪਾਲ ਤੋਂ 20 ਮੀਲ ਦੂਰ ਪਸਰੂਰ ਹਾਈ ਸਕੂਲ ਤੋਂ ਦਸਵੀਂ ਪਾਸ ਕਰ ਲਈ।

ਇਸੇ ਦੌਰਾਨ ਹੀ ਆਪ ਆਪਣੇ ਇਕ ਰਿਸ਼ਤੇਦਾਰ ਨੂੰ ਮਿਲੇ ਜੋ ਅੰਮ੍ਰਿਤ ਛਕ ਕੇ ਧਰਮ ਸਿੰਘ ਬਣ ਚੁੱਕਾ ਸੀ। ਉਸ ਦੇ ਬਦਲੇ ਰੂਪ ਨੂੰ ਵੇਖ ਕੇ ਆਪ ਜੀ ਦੀ ਅੰਮ੍ਰਿਤ ਛੱਕਣ ਦਾ ਪੁਰਾਣਾ ਸੰਸਕਾਰ ਫਿਰ ਜਾਗ ਉੱਠਿਆ।

ਪਸਰੂਰ ਤੋਂ ਸਤ ਮੀਲ ਤੇ ਇਕ ਮੁਸਲਮਾਨ ਫਕੀਰ ਗੁਲੂ ਸ਼ਾਹ ਦਾ ਮਕਬਰੇ ਤੇ ਲੱਗਣ ਵਾਲੇ ਸਾਲਾਨਾ ਮੇਲੇ ਤੇ ਪਿੰਡ ਕਲਾਸਵਾਲਾ ਦੀ ਸਿੰਘ ਸਭਾ ਵੱਲੋਂ ਦੀਵਾਨ ਲਾਇਆ ਜਾਂਦਾ ਸੀ ਤੇ ਅੰਮ੍ਰਿਤ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਦੀਵਾਨ ਵਿਚ ਧਰਮ ਸਿੰਘ ਜੀ ਨੇ ਆਪ ਨੂੰ ਤੇ ਆਪਦੇ ਮਿੱਤਰ ਤੁਲਸੀ ਰਾਮ ਨੂੰ ਅੰਮ੍ਰਿਤ ਛਕਾਉਣ ਲਈ ਪੰਜਾਂ ਪਿਆਰਿਆਂ ਦੇ ਪੇਸ਼ ਕਰ ਦਿੱਤਾ। ਆਪ ਜੀ ਦੇ ਬੇਨਤੀ ਕਰਨ ਤੇ ਜਥੇਦਾਰ ਜੀ ਨੇ ਆਪ ਦੋਹਾਂ ਦੇ ਨਾਮ ਸਾਹਿਬ ਸਿੰਘ ਅਤੇ ਜਗਜੋਧ ਸਿੰਘ ਰੱਖੇ ਜਾਣ ਲਈ ਮਨਜ਼ੂਰੀ ਦੇ ਦਿੱਤੀ।

ਪਸਰੂਰ ਵਿਚ ਇਕ ਵਾਰੀ ਮੁਸਲਮਾਨਾਂ, ਆਰੀਆ ਸਮਾਜੀਆਂ ਤੇ ਈਸਾਈਆਂ ਨੇ ਇਕ ਸਾਂਝੇ ਜਲਸੇ ਵਿਚ ਆਰੀਆ ਸਮਾਜ ਦੇ ਇਕ ਪ੍ਰਚਾਰਕ ਪਾਸੋਂ ਆਪ ਜੀ ਨੇ ਸੰਸਕ੍ਰਿਤ ਦੇ ਸਲੋਕ ਸੁਣੇ, ਤਾਂ ਆਪ ਦੇ ਮਨ ਵਿਚ ਸੰਸਕ੍ਰਿਤ ਲਈ ਸੋਂਕ ਵਧਣ ਤੇ ਸਕੂਲ ਵਿਚ ਆਪ ਨੇ ਫ਼ਾਰਸੀ ਦੀ ਥਾਂ ਸੰਸਕ੍ਰਿਤ ਲੈ ਲਈ। ਜਿਸ ਵਿਚੋਂ ਆਪ ਪਹਿਲੇ ਨੰਬਰ ਤੇ ਆਏ।

ਹਾਈ ਸਕੂਲ ਵਿਚ ਪੜ੍ਹਨ ਦੌਰਾਨ ਹੀ ਆਪ ਦੇ ਪਿਤਾ ਜੀ 20 ਜੁਲਾਈ 1907 ਨੂੰ ਸਦੀਵੀਂ ਵਿਛੋੜਾ ਦੇ ਗਏ, ਪਰ ਗਰੀਬੀ ਦੇ ਬਾਵਜੂਦ ਵੀ ਆਪ ਜੀ ਨੂੰ ਦਸਵੀਂ ਜ਼ਰੂਰ ਕਰਵਾਉਣ ਦੀ ਤਾਕੀਦ ਪਰਿਵਾਰ ਨੂੰ ਕਰ ਗਏ। ਤਿੰਨ ਛੋਟੇ ਭਰਾ, ਤਿੰਨ ਭੇਣਾਂ ਅਤੇ ਮਾਤਾ ਜੀ ਸਮੇਤ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਹੋਇਆਂ ਵੀ ਆਪ ਜੀ ਨੇ

ਆਪਣੀ ਪੜ੍ਹਾਈ ਜਾਰੀ ਰੱਖੀ, ਜਿਸ ਵਿਚ ਸਾਰੇ ਪਰਿਵਾਰ ਨੇ ਆਪ ਜੀ ਨੂੰ ਸਹਿਯੋਗ ਦਿੱਤਾ। ਉਦਾਹਰਣ ਵਜੋਂ ਜਦੋਂ ਦਸਵੀਂ ਦਾ ਦਾਖ਼ਲਾ ਭੇਜਣਾ ਸੀ, ਤਾਂ ਆਪ ਜੀ ਦੀ ਵਿਧਵਾ ਭੂਆ ਰਾਧੀ ਨੇ ਆਪਣੇ ਗਹਿਣੇ ਗਿਰਵੀਂ ਰੱਖ ਕੇ ਕਰਜ਼ਾ ਚੁੱਕ ਕੇ ਦਾਖ਼ਲਾ ਫੀਸ ਦਿੱਤੀ। ਆਪ ਜੀ ਦੇ ਪਸਰੂਰ ਬੋਰਡਿੰਗ ਹਾਊਸ ਵਿਚ ਰਹਿਣ ਦੌਰਾਨ ਆਪ ਜੀ ਦੇ ਛੋਟੇ ਭਰਾ 20 ਮੀਲ ਦਾ ਪੈਂਡਾ ਤੈਅ ਕਰਕੇ ਹਰ ਮਹੀਨੇ 20 ਸੇਰ ਆਟਾ ਪਹੁੰਚਾਉਂਦੇ ਰਹੇ।

ਗਰੀਬੀ ਕਾਰਨ ਆਪ ਜੀ ਨੇ 1909 ਵਿਚ ਪੜ੍ਹਾਈ ਛੱਡ ਕੇ ਸਾਂਗਲਾ ਜ਼ਿਲ੍ਹਾ ਲਾਇਲਪੁਰ ਦੇ ਇਕ ਮਿਡਲ ਸਕੂਲ ਵਿਚ 15 ਰੁਪਏ ਮਹੀਨਾ ਤੇ ਸੈਕਿੰਡ ਮਾਸਟਰ ਦੀ ਨੌਕਰੀ ਕਰ ਲਈ। ਇਥੇ ਹੀ ਆਪ ਜੀ ਨੇ ਇਕ ਵਾਰ ਭਾਈ ਗਿਆਨ ਸਿੰਘ ਨਾਮਧਾਰੀ ਪਾਸੋਂ ਗੁਰਬਾਣੀ ਦੀ ਇਕ-ਇਕ ਤੁਕ ਦੇ ਕਈ-ਕਈ ਅਰਥ ਸੁਣੇ ਅਤੇ ਇਸ ਵਿਦਵਤਾ ਤੋਂ ਆਪ ਬਹੁਤ ਪ੍ਰਭਾਵਿਤ ਹੋਏ। 1910 ਵਿਚ ਸਾਂਗਲੇ ਸਕੂਲ ਤੋਂ ਜੁਆਬ ਮਿਲਣ ਤੇ ਆਪ ਜੀ ਨੇ ਡਾਕਖਾਨੇ ਦੀ ਨੌਕਰੀ ਲਈ ਅਰਜੀ ਭੇਜੀ। ਘਰੋਂ 40 ਮੀਲ ਦੂਰ ਸਿਆਲਕੋਟ ਵਿਖੇ ਜਾਣ ਲਈ ਕਿਰਾਏ ਦੇ ਦੋ ਰੁਪਏ ਵੀ ਆਪ ਜੀ ਨੂੰ ਆਪ ਦੀ ਮਾਤਾ ਨੇ ਇਕ ਔਰਤ ਤੋਂ ਫੜ ਕੇ ਦਿੱਤੇ। ਆਪ ਜੀ ਨੂੰ ਰਈਏ ਤਹਿਸੀਲ ਦੇ ਡਾਕਖਾਨੇ ਵਿਚ 20 ਰੁਪਏ ਮਹੀਨੇ 'ਤੇ ਨੌਕਰੀ ਮਿਲ ਗਈ, ਪਰ ਆਪ ਜੀ ਦਾ ਮਨ ਹੋਰ ਪੜ੍ਹਨ ਦਾ ਸੀ। ਆਪ ਨੇ ਘਰ ਦੀ ਅਤਿ ਗਰੀਬੀ ਦੇ ਬਾਵਜੂਦ ਡਾਕਖਾਨੇ ਦੀ ਕਲਰਕੀ ਤੋਂ ਅਸਤੀਫਾ ਦੇ ਕੇ 1911 ਵਿਚ ਦਿਆਲ ਸਿੰਘ ਕਾਲਜ, ਲਾਹੌਰ ਵਿਖੇ ਆਪਣੇ ਪੁਰਾਣੇ ਉਸਤਾਦ ਪੰਡਤ ਵਿਤਸਤਾ ਪ੍ਰਸਾਦ ਦੀ ਮਦਦ ਨਾਲ ਦਾਖਲਾ ਲੈ ਲਿਆ। ਆਪ ਜੀ ਨੂੰ 5 ਰੁਪਏ ਮਹੀਨਾ ਵਜ਼ੀਫਾ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ ਮਿਲਦਾ ਤੇ 5 ਰੁਪਏ ਹੀ ਆਪ ਜੀ ਦੇ ਦੋਸਤ ਹਰਿਦਿਆਲ ਸਿੰਘ ਦੇ ਭਰਾ ਗੁਰਦਿਆਲ ਸਿੰਘ ਤੋਂ ਖਰਚੇ ਲਈ ਮਿਲਦੇ। 1913 ਵਿਚ ਐਫ.ਏ ਕਰਨ ਤੋਂ ਬਾਅਦ ਆਪ ਜੀ ਗੌਰਮਿੰਟ ਕਾਲਜ ਲਾਹੌਰ ਵਿਖੇ 10 ਰੁਪਏ ਮਹੀਨਾ ਸਰਕਾਰੀ ਵਜ਼ੀਫਾ ਲੈ ਕੇ ਦਾਖ਼ਲ ਹੋ ਗਏ। ਇਸੇ ਸਾਲ ਪਿੰਡ ਆਈ ਇਕ ਬਰਾਤ ਨਾਲ ਆਏ ਇਕ ਆਰੀਆਂ ਸਮਾਜੀ ਪ੍ਰਚਾਰਕ ਪਾਸੋਂ ਇਕ-ਇਕ ਤੁਕ ਦੇ ਕਈ-ਕਈ ਅਰਥ ਕਰਨ ਦੀ ਵਿਦਵਤਾ ਨਿਰੀ ਬੇਸਮਝੀ ਹੋਣ ਦਾ ਪਤਾ ਲਗਾ, ਤਾਂ ਆਪ ਜੀ ਦਾ ਧਿਆਨ ਗੁਰਬਾਣੀ ਦੀ ਖੋਜ ਵੱਲ ਗਿਆ। 1915 ਵਿਚ ਆਪ ਜੀ ਨੇ ਕਾਲਜ ਵਿਚ ਸੰਸਕ੍ਰਿਤ ਵਿਚੋਂ ਪਹਿਲੇ ਨੰਬਰ ਤੇ ਰਹਿ ਕੇ ਬੀ.ਏ. ਪਾਸ ਕੀਤੀ ਅਤੇ ਯੂਨੀਵਰਸਿਟੀ ਵੱਲੋਂ ਆਪ ਜੀ ਨੂੰ ਚਾਂਦੀ ਦਾ ਮੈਡਲ ਮਿਲਿਆ। ਇਸ ਪਿਛੋਂ ਆਪ ਖਾਲਸਾ ਹਾਈ ਸਕੂਲ, ਫਰੂਕਾ ਵਿਖੇ 75 ਰੁਪਏ ਮਹੀਨਾ ਤੇ ਥਰਡ ਮਾਸਟਰ ਲੱਗ ਗਏ। 1916 ਵਿਚ ਆਪ ਜੀ ਨੇ ਨਵੇਂ ਖੁੱਲ੍ਹੇ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲੇ ਵਿਚ ਗੁਰਬਾਣੀ ਅਤੇ ਸੰਸਕ੍ਰਿਤ ਪੜ੍ਹਾਉਣ ਦੀ ਨੌਕਰੀ 70 ਰੁਪਏ ਮਹੀਨਾ ਤੇ ਪ੍ਰਵਾਨ ਕਰ ਲਈ। ਇਥੇ ਹੀ 1920 ਵਿਚ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਪਾਠ ਦੀ ਡਿਊਟੀ ਕਰਦਿਆਂ ਆਪ ਜੀ ਇਕੋ ਹੀ ਤੁਕ ਵਿਚ ਇਕੋ ਸ਼ਬਦ ਮੁਕਤੇ, ਸਿਹਾਰੀ ਅਤੇ ਔਂਕੜ ਨਾਲ ਵੇਖ ਕੇ ਹੈਰਾਨ ਰਹਿ ਗਏ। ਗੰਭੀਰ ਵਿਚਾਰ ਅਤੇ ਡੂੰਘੀ ਸੋਚ ਦੁਆਰਾ ਮਿਲੇ ਅਰਥਾਂ ਤੋਂ ਗੁਰਬਾਣੀ ਵਿਆਕਰਣ ਦਾ ਮੁੱਢ ਬੱਝਾ।

1921 ਵਿਚ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ। ਆਪ ਨੇ ਜਾ ਕੇ ਮੌਕਾ ਦੇਖਿਆ, ਤਾਂ ਆਪ ਦਾ ਸੂਖਮ ਚਿੱਤ ਉਦਾਸੀ ਨਾਲ ਭਰ ਗਿਆ। ਇਸੇ ਸਾਲ ਗੁਜਰਾਂਵਾਲਾ ਕਾਲਜ ਦਾ ਸਬੰਧ ਯੂਨੀਵਰਸਿਟੀ ਨਾਲੋਂ ਟੁੱਟਣ ਕਾਰਣ ਆਪ ਜੀ ਨੇ ਸ਼੍ਰੋ.ਗੁ.ਪ੍ਰ. ਕਮੇਟੀ ਅੰਮ੍ਰਿਤਸਰ ਵਿਚ ਮੀਤ ਸਕੱਤਰ ਦੀ ਡਿਊਟੀ ਕਰ ਲਈ। ਇਸ ਡਿਊਟੀ ਦੌਰਾਨ ਲੱਗਣ ਵਾਲੇ ਚਾਬੀਆਂ ਦੇ ਮੋਰਚੇ ਅਤੇ ਕਿਰਪਾਨ ਦੇ ਮੋਰਚੇ ਸਮੇਂ ਸਿੱਖ ਪੰਥ ਨੂੰ ਇਤਿਹਾਸਕ ਜਿੱਤਾਂ ਮਿਲੀਆਂ। ਫਿਰ ਕਰਮਵਾਰ 1922 ਅਤੇ 1923 ਲੱਗੇ ਗੁਰੂ ਕੇ ਬਾਗ ਦੇ ਮੋਰਚੇ ਅਤੇ ਜੈਤੋ ਦੇ ਮੋਰਚੇ ਸਮੇਂ ਆਪ ਜੀ ਨੂੰ ਕੈਦ ਕੱਟਣੀ ਪਈ ਪਰ ਆਪ ਜੀ ਨੇ ਇਨ੍ਹਾਂ ਮੌਕਿਆਂ ਨੂੰ ਵੀ ਗੁਰਬਾਣੀ ਵਿਆਕਰਣ ਦੀ ਖੋਜ ਲਈ ਵਰਤਿਆ। 1926 ਵਿਚ ਗੁਜਰਾਂਵਾਲਾ ਕਾਲਜ ਦੁਬਾਰਾ ਖੁੱਲ੍ਹ ਜਾਣ ਤੇ ਆਪ ਜੀ ਫਿਰ ਉਥੇ ਸੰਸਕ੍ਰਿਤ, ਗੁਰਬਾਣੀ, ਪੰਜਾਬੀ ਅਤੇ ਹਿੰਦੀ ਦੇ ਪ੍ਰੋਫੈਸਰ ਲੱਗ ਗਏ। ਇਥੇ ਖ਼ਾਲਸਾ ਯਤੀਮਖਾਨੇ ਵਿਖੇ ਰੋਜ਼ਾਨਾ ਸ਼ਾਮ ਸਤਸੰਗ ਵਿਚ ਬਾਬਾ ਤੇਜਾ ਸਿੰਘ ਜੀ ਰਿਟਾਇਰਡ ਏ.ਟੀ. ਐਸ., ਹੈੱਡ ਮਾਸਟਰ ਛਹਿਬਰ ਸਿੰਘ ਜੀ, ਭਾਈ ਹਿੰਮਤ ਸਿੰਘ ਜੀ ਅਧਿਆਪਕ ਯਤੀਮਖਾਨਾ, ਪ੍ਰੋ.ਨਰਾਇਣ ਸਿੰਘ ਜੀ ਐਮ. ਐਸ. ਸੀ., ਪ੍ਰੋ. ਸੁੰਦਰ ਸਿੰਘ ਜੀ ਐਮ. ਐਸ. ਸੀ., ਡਾ. ਰਣ ਸਿੰਘ ਜੀ ਸਪੁੱਤਰ ਬਾਬੂ ਤੇਜਾ ਸਿੰਘ ਜੀ ਭਸੌੜ, ਭਾਈ ਨੰਦ ਸਿੰਘ ਜੀ ਦੁਕਾਨਦਾਰ ਆਉਂਦੇ ਸਨ। ਇਸ ਸਤਸੰਗ ਵਿਚ 1927 ਵਿਚ ਗੁਰੂ ਗ੍ਰੰਥ ਸਾਹਿਬ ਦੇ ਅਰਥ ਗੁਰਬਾਣੀ ਵਿਆਕਰਣ ਅਨੁਸਾਰ ਸ਼ੁਰੂ ਕਰਕੇ 1928 ਵਿਚ ਪੂਰੇ ਕੀਤੇ ਗਏ। 1929 ਵਿਚ ਆਪ ਜੀ ਲਈ ਇਕ ਵਾਰ ਫਿਰ ਰੁਜ਼ਗਾਰ ਦੀ ਮੁਸ਼ਕਿਲ ਬਣੀ, ਤਾਂ ਆਪ ਨੇ ਅੰਮ੍ਰਿਤਸਰ ਜਾ ਕੇ ਮਾਸਿਕ ਪੱਤਰ 'ਜੀਵਨ' ਜਾਰੀ ਕਰਨ ਦਾ ਫੈਸਲਾ ਕੀਤਾ। ਜੁਲਾਈ 1929 ਵਿਚ ਆਪ ਜੀ ਨੇ ਭੱਟਾਂ ਦੇ ਸਵੀਏ ਦਾ ਸਟੀਕ ਲਿਖਣਾ ਸ਼ੁਰੂ ਕੀਤਾ ਜੋ ਕਿ ਤਿੰਨ ਮਹੀਨਿਆਂ ਵਿਚ ਪੂਰਾ ਕੀਤਾ, ਇਨ੍ਹਾਂ ਹੀ ਦਿਨਾਂ ਵਿਚ ਆਪ ਜੀ ਨੇ ਸ਼੍ਰੋਮਣੀ ਕਮੇਟੀ ਵਿਚ ਇਕ ਵਾਰ ਫਿਰ ਦਫ਼ਤਰ ਸੁਪਰਡੈਂਟ ਬਣਾ ਲਿਆ ਗਿਆ। 4 ਨਵੰਬਰ 1929 ਨੂੰ ਕਮੇਟੀ ਦੀ ਨੌਕਰੀ ਛੱਡ ਕੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਲੱਗ ਗਏ। 1932 ਵਿਚ ਗੁਰਬਾਣੀ ਵਿਆਕਰਣ ਦੀ ਕਿਤਾਬ ਪੂਰੀ ਕਰ ਲਈ ਜਿਸ ਉੱਤੇ ਆਪ ਜੀ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1939 ਵਿਚ ਇਕ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਫਿਰ ਤਾਂ ਲਗਾਤਾਰ ਵਿਆਕਰਣ ਅਨੁਸਾਰ ਅਲੱਗ-ਅਲੱਗ ਬਾਣੀਆਂ ਦੇ ਟੀਕੇ ਲਿਖਣ ਦੀ ਲੜੀ ਹੀ ਚੱਲ ਪਈ। ਰੇਡੀਓ ਪ੍ਰਸਾਰਨ ਲਈ ਆਪ ਜੀ ਨੇ 1951 ਵਿਚ ਸਿਮਰਨ ਦੇ ਮਜ਼ਮੂਨਨ ਤੇ ਤੇਰਾਂ ਲੇਖ ਲਿਖੇ। 1952 ਵਿਚ ਖ਼ਾਲਸਾ ਕਾਲਜ ਤੋਂ ਰਿਟਾਇਰ ਹੋਏ ਤਾਂ ਆਪ ਜੀ ਨੂੰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣਾ ਦਿੱਤਾ ਗਿਆ। ਇਥੇ ਰਹਿੰਦਿਆਂ ਆਪ ਜੀ ਨੇ 1957 ਤੋਂ 1961 ਤੱਕ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰੇ ਸਟੀਕ ਦਾ ਕੰਮ ਆਪਣੀ ਨਾਜ਼ੁਕ ਸਿਹਤ ਦੇ ਹੁੰਦਿਆਂ ਵੀ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਨਾਲ ਪੂਰਾ ਕਰ ਲਿਆ ਅਤੇ ਸ਼ੁਕਰਾਨਾ ਕਰਦਿਆਂ ਕਿਹਾ, "ਇਹ ਉਸੇ ਪਾਤਸ਼ਾਹ ਦੀ ਹੀ ਮਿਹਰ ਹੈ, ਨਹੀਂ ਤਾਂ ਕਿਥੇ ਰਾਜਾ ਭੋਗ ਤੇ ਕਿਥੇ ਗੰਗੂ ਤੇਲੀ।" ਇਸ ਸਾਰੇ ਕੰਮ ਦਾ ਨਾਂ "ਸ੍ਰੀ ਗੁਰੂ ਗ੍ਰੰਥ ਸਾਹਿਬ

ਦਰਪਣ" ਰੱਖਿਆ ਗਿਆ ਅਤੇ ਜਿਸ ਨੂੰ ਰਾਜ ਪਬਲਿਸ਼ਰਜ਼ ਜਲੰਧਰ ਨੇ 10 ਸੈਂਚੀਆਂ ਵਿਚ ਬੜੀ ਮਿਹਨਤ ਨਾਲ ਛਾਪਿਆ।

ਭਾਸ਼ਾ ਵਿਭਾਗ ਪਟਿਆਲਾ ਵੱਲੋਂ ਆਪ ਜੀ ਨੂੰ ਆਪ ਜੀ ਦੀ ਕਿਤਾਬ "ਸਿੱਖ ਸਿਦਕ ਨਾ ਹਾਰੇ" ਤੇ ਚਾਰ ਸੌ ਰੁਪਏ ਦਾ ਇਨਾਮ 1963 ਵਿਚ ਦਿੱਤਾ ਗਿਆ। 1965 ਵਿਚ ਸਿੰਘ ਸਭਾ ਬੈਂਕਕਾਕ ਵੱਲੋਂ 2000 ਰੁਪਏ ਇਨਾਮ ਵਜੋਂ ਭੇਜੇ ਗਏ। 1971 ਵਿਚ ਆਪ ਜੀ ਨੂੰ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤੀ ਗਈ ਅਤੇ ਇਨ੍ਹਾਂ ਹੀ ਦਿਨਾਂ ਵਿਚ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਨੇ ਭਾਈ ਜੋਧ ਸਿੰਘ ਜੀ ਦੀ ਪ੍ਰਧਾਨਗੀ ਹੇਠ ਆਪ ਜੀ ਨੂੰ ਫੈਲੋਸ਼ਿਪ ਦੇਣੀ ਪ੍ਰਵਾਨ ਹੋਈ।

ਦਿਨੋ-ਦਿਨ ਘਟ ਰਹੀ ਸਿਹਤ ਉੱਤੇ ਪਾਰਕਿਨਸਿਨ ਨਾਂ ਦੀ ਦਿਮਾਗੀ ਬਿਮਾਰੀ ਨੇ ਐਸਾ ਹੱਲਾ ਬੋਲਿਆ ਕਿ ਹੌਲੀ-ਹੌਲੀ ਸਰੀਰ ਦੇ ਸਾਰੇ ਅੰਗ ਦਿਮਾਗ ਦੇ ਕੰਟਰੋਲ ਤੋਂ ਆਜ਼ਾਦ ਹੁੰਦੇ ਗਏ ਅਤੇ ਚੱਲਣ, ਫਿਰਨ, ਬੋਲਣ ਅਤੇ ਹੋਰ ਸਭ ਸਰੀਰਿਕ ਕ੍ਰਿਆਵਾਂ ਤੋਂ ਜੁਆਬ ਦੇ ਗਏ। ਬਿਮਾਰੀ ਦੀ ਇਸੇ ਹਾਲਤ ਵਿਚ ਆਪ ਜੀ 19 ਅਕਤੂਬਰ 1977 ਨੂੰ ਸਿੱਖ ਨੂੰ ਸਦੀਵੀ ਵਿਛੋੜਾ ਦੇ ਗਏ।

ਸ਼ਖਸੀਅਤ: ਅਤਿ ਗਰੀਬ ਹਿੰਦੂ ਘਰਾਣੇ ਵਿਚ ਨੱਥੂ ਰਾਮ ਦੇ ਨਾਮ ਨਾਲ ਜਨਮ ਲੈ ਕੇ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਨਾਲ ਡਾਕਟਰ ਸਾਹਿਬ ਦੇ ਰੂਪ ਤੱਕ ਨਿਖਰਨ ਵਾਲੇ ਇਸ ਇਨਸਾਨ ਦੀ ਸ਼ਖਸੀਅਤ ਇਨਸਾਨੀ ਕਲਮ ਦੇ ਬਿਆਨ ਤੋਂ ਬਾਹਰ ਹੈ। ਜੋ ਦੇਣ ਆਪ ਜੀ ਨੇ ਗੁਰਬਾਣੀ ਵਿਆਕਰਣ ਅਤੇ ਵਿਆਕਰਣ ਅਨੁਸਾਰ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਰੂਪ ਵਿਚ ਪੰਜਾਬੀ ਸਾਹਿਤ ਅਤੇ ਸਿੱਖ ਕੌਮ ਨੂੰ ਦਿੱਤੀ ਹੈ, ਉਸ ਦੀ ਹੋਰ ਕੋਈ ਮਿਸਾਲ ਨਹੀਂ। ਆਪ ਜੀ ਦਾ ਸਾਰਾ ਜੀਵਨ ਸੱਚਾ, ਸੁੱਚਾ, ਸੰਜਮੀ, ਥੋੜ੍ਹੀਆਂ ਲੋੜਾਂ ਵਾਲਾ, ਥੋੜ੍ਹਾ ਬੋਲਣ ਵਾਲਾ ਪਰ ਦ੍ਰਿੜ੍ਹ ਇਰਾਦੀ ਲਗਨਮਈ ਅਤੇ ਕੁਰਬਾਨੀ ਦਾ ਕ੍ਰਿਸ਼ਮਾ ਸੀ। ਸਾਰਾ ਸਮਾਂ ਹੀ ਘੜੀ ਦੀਆਂ ਸੂਈਆਂ ਨਾਲ ਬੰਨ੍ਹਿਆ ਹੁੰਦਾ। ਜਦੋਂ ਆਪ ਜੀ ਨੂੰ ਇਕ ਵਾਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਵੱਖ-ਵੱਖ ਜਮਾਤਾਂ ਦੇ ਸਿਲੇਬਸ ਅਨੁਸਾਰ ਵਿਆਕਰਣਾਂ ਲਿਖਣ ਲਈ 20 ਹਜ਼ਾਰ ਰੁਪਏ ਦੀ ਭੇਟਾ ਦੇਣ ਲਈ ਕਿਹਾ, ਤਾਂ ਆਪ ਜੀ ਨੇ ਆਪਣਾ ਸਾਰਾ ਸਮਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਨੂੰ ਦੇਣ ਲਈ ਇੰਨੀ ਵੱਡੀ ਰਕਮ ਵੀ ਠੁਕਰਾ ਦਿੱਤੀ ਅਤੇ ਆਪਣਾ ਪਲ-ਪਲ ਗੁਰੂ ਪ੍ਰਤੀ ਆਰੰਭੇ ਕੰਮ ਨੂੰ ਹੀ ਸੌਂਪਿਆ। ਆਪ ਜੀ ਦਾ ਜੀਵਨ ਕਿੰਨਾ ਸਾਦਾ ਅਤੇ ਸੰਜਮੀ ਸੀ, ਇਸ ਦੀ ਇਕ ਮਿਸਾਲ ਆਪ ਜੀ ਨੂੰ ਡਾਕਟਰ ਆਫ਼ ਲਿਟਰੇਚਰ ਦੀ ਡਿਗਰੀ ਮਿਲਣ ਸਮੇਂ ਮਿਲਦੀ ਹੈ। ਜਦੋਂ ਆਪ ਜੀ ਰਬੜ ਟਾਇਰਾਂ ਦੇ ਥੱਲੇ ਵਾਲੇ ਇੰਚ-ਇੰਚ ਮੋਟੇ ਹੰਢੇ ਹੋਏ ਪੁਰਾਣੇ ਅਤੇ ਗਾਂਢਿਆਂ ਵਾਲੇ ਬੂਟ ਪਾ ਕੇ ਇਕ ਸਸਤਾ ਤੌਲੀਆ ਮੋਢੇ ਉੱਤੇ ਸੁੱਟ ਕੇ ਬਿਨਾਂ ਪ੍ਰੈਸ ਕੀਤੇ ਕੁੜਤੇ ਪਜ਼ਾਮੇ ਨਾਲ ਆਪ ਡਾਕਟਰ ਆਫ ਲਿਟਰੇਚਰ ਬਣਨ ਲਈ ਤਿਆਰ ਹੋਏ, ਤਾਂ ਸਾਰੇ ਪਰਿਵਾਰ ਨੇ ਆਪ ਜੀ ਨੂੰ ਆਪਣਾ ਪਹਿਰਾਵਾ ਬਦਲਣ ਲਈ ਕਿਹਾ, ਤਾਂ ਆਪ ਜੀ ਨੇ ਜੁਆਬ ਦਿੱਤਾ ਕਿ "ਵਿਖਾਵਾ ਸਾਰੀ ਉਮਰ ਨਹੀਂ ਕੀਤਾ ਹੁਣ ਕਿਸ ਨੂੰ ਖੁਸ਼ ਕਰਨ ਲਈ ਕਰਨਾ ਹੈ।" ਸਾਰੇ

ਬੱਚਿਆਂ ਦੇ ਵਿਆਹ ਇਸ ਸਾਦਗੀ ਨਾਲ ਕੀਤੇ ਕਿ ਗੁਆਢੀਆਂ ਨੂੰ ਵੀ ਵਿਆਹ ਹੋਣ ਤੋਂ ਬਾਅਦ ਪਤਾ ਲੱਗਦਾ। ਦੋ ਪੁੱਤਰਾਂ ਦੇ ਵਿਆਹਾਂ ਤੇ ਤਾਂ ਆਪ ਜੀ ਘਰ ਹੀ ਬੈਠੇ ਰਹੇ ਅਤੇ ਵੱਡੇ ਵੀਰ ਜਾ ਕੇ ਛੋਟੇ ਵੀਰਾਂ ਨੂੰ ਵਿਆਹ ਲਿਆਏ।

ਆਪ ਜੀ ਦੇ ਸੁਭਾਅ ਦੀ ਮਿਠਾਸ, ਨਿਮਰਤਾ, ਵਿਦਵਤਾ, ਦ੍ਰਿੜ੍ਹ ਲਗਨ, ਬਿਬੇਕ ਬੁੱਧ, ਖੋਜੀ ਸੁਭਾਅ ਅਤੇ ਮਹਾਨ ਲਿਖਣ-ਸ਼ੈਲੀ ਆਪ ਜੀ ਨੂੰ ਇਕ ਸੰਪੂਰਨਤਾ ਦੇ ਨੇੜੇ ਪਹੁੰਚਿਆ ਇਨਸਾਨ ਬਣਾਉਂਦੀਆਂ ਹਨ। ਆਪ ਜੀ ਦੀਆਂ ਸਾਰੀਆਂ ਹੀ ਰਚਨਾਵਾਂ ਕਈ ਯੂਨੀਵਰਸਿਟੀ ਵਿਦਿਆਰਥੀਆਂ ਲਈ ਡਾਕਟਰੇਟ ਦਾ ਆਧਾਰ ਹਮੇਸ਼ਾਂ ਬਣੀਆਂ ਰਹਿਣਗੀਆਂ।

-0-

15. ਨਸ਼ਾ

ਐਸੀ ਵਸਤੂ ਜਿਹੜੀ ਸਰੀਰ ਤੇ ਰਸਾਇਣਿਕ ਕਾਰਜ ਕਰਕੇ ਉਸ ਵਿਚ ਸਰੀਰਕ ਜਾਂ ਮਾਨਸਿਕ ਤਬਦੀਲੀ ਲਿਆਵੇ, ਉਸ ਨੂੰ ਨਸ਼ਾ ਕਿਹਾ ਜਾਂਦਾ ਹੈ। ਨਸ਼ਾ ਸਰੀਰ ਨੂੰ ਇਕੋ ਦਮ ਖਤਮ ਨਹੀਂ ਕਰਦਾ ਬਲਕਿ ਪਲ-ਪਲ ਕਰਕੇ ਮਾਰਦਾ ਹੈ।

ਨਸ਼ੇ ਲਈ ਵਰਤੀ ਜਾਣ ਵਾਲੀ ਹਰ ਵਸਤੂ ਸਰੀਰ, ਮਨ ਤੇ ਰਸਾਇਣਿਕ ਪ੍ਰਕਿਰਿਆ ਕਰਕੇ ਅਸਰ ਕਰਦੀ ਹੈ। ਅਸੀਂ ਜੋ ਭੋਜਨ ਕਰਦੇ ਹਾਂ ਉਸ ਨਾਲ ਊਰਜਾ ਦਾ ਨਿਰਮਾਣ ਹੁੰਦਾ ਹੈ। ਇਸੇ ਊਰਜਾ ਸਦਕਾ ਮਨੁੱਖ ਆਪਣੇ ਕੰਮ ਕਾਰ ਕਰਦਾ ਰਹਿੰਦਾ ਹੈ। ਨਸ਼ਿਆਂ ਨਾਲ ਸਰੀਰ ਨੂੰ ਆਮ ਤੌਰ ਤੇ ਸਿੱਧੀ ਊਰਜਾ ਮਿਲਦੀ ਹੈ, ਜਿਸ ਨਾਲ ਹੌਲੀ-ਹੌਲੀ ਭੋਜਨ ਤੋਂ ਕੁਦਰਤੀ ਤਰੀਕੇ ਨਾਲ ਊਰਜਾ ਪ੍ਰਾਪਤ ਕਰਨ ਵਾਲੇ ਸੈਲ ਮਰਨੇ ਸ਼ੁਰੂ ਹੋ ਜਾਂਦੇ ਹਨ।

ਉਹ ਇਨਸਾਨ ਜੋ ਪਦਾਰਥਾਂ ਦਾ ਪ੍ਰਯੋਗ ਵਾਰ-ਵਾਰ ਇਸ ਹੱਦ ਤੱਕ ਕਰੇ ਕਿ ਉਹ ਪਦਾਰਥ ਨੂੰ ਵਰਤਣਾ ਉਸ ਦੀ ਜ਼ਰੂਰਤ ਬਣ ਜਾਵੇ, ਉਸ ਨੂੰ ਪ੍ਰਾਪਤ ਕਰਨ ਲਈ ਕੋਵੀ ਢੰਗ ਤਰੀਕਾ ਅਪਣਾਵੇ ਅਤੇ ਛੱਡਣ ਵੇਲੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ, ਨਸ਼ਈ (ਅਮਲੀ) ਅਖਵਾਉਂਦਾ ਹੈ।

ਨਸ਼ਿਆਂ ਦੀਆਂ ਕਿਸਮਾਂ:

ਸ਼ਰਾਬ: ਅਲਕੋਹਲ ਦੀ ਮਾਤਰਾ ਅਨੁਸਾਰ ਬੀਅਰ, ਬਰਾਂਡੀ, ਵਿਸਕੀ, ਰੂੜੀ ਮਾਰਕਾ ਆਦਿ ਨਾਂ ਵਰਤੇ ਜਾਂਦੇ ਹਨ।

ਤੰਬਾਕੂ: ਤੰਬਾਕੂ ਚਬਣਾ (ਠੋਬਓਚਚੋ ਚਹਣਾਨਿਗ), ਗੁਟਕਾ ਅਤੇ ਜ਼ਰਦਾ।

ਤੰਬਾਕੂ ਪੀਣਾ: (ਠੋਬਓਚਚੋ ਸਮੋਕਨਿਗ) ਹੁੱਕਾ, ਬੀੜੀ ਤੇ ਸਿਗਰਟ ਦੇ ਰੂਪ ਵਿਚ। ਤੰਬਾਕੂ ਦੇ ਧੂਏਂ ਵਿਚ 3000 ਦੇ ਕਰੀਬ ਰਸਾਇਣਿਕ ਤੱਤ ਹੁੰਦੇ ਹਨ। ਸਰੀਰ ਵਿਚ ਵਿਗਾੜ ਪੈਦਾ ਕਰਨ ਵਾਲੇ ਮੁੱਖ ਤੱਤ ਹਨ: ਟਾਰ, ਨਿਕੋਟੀਨ ਅਤੇ ਕਾਰਬਨ ਮੋਨੋਆਕਸਾਈਡ ਗੈਸ।

ਅਫ਼ੀਮ: ਇਸ ਵਿਚ 40 ਦੇ ਕਰੀਬ ਰਸਾਇਣ ਹਨ, ਜਿਨ੍ਹਾਂ ਵਿਚ ਮੁੱਖ ਹਨ: ਮਾਰਫੀਨ, ਕੋਡੀਨ, ਭੁੱਕੀ, ਡੋਡੇ ਜਾਂ ਪੋਸਤ, ਹੈਰੋਇਨ।

ਭੰਗ: ਭੰਗ ਦੇ ਕਈ ਪ੍ਰਕਾਰ ਹਨ: ਜਿਵੇਂ ਗਾਂਜਾ, ਚਰਸ, ਮਾਰੀਜ਼ੁਆਨਾ, ਹਸ਼ੀਸ਼ ਆਦਿ।

ਕੋਕੀਨ: ਇਹ ਕੋਕਾ ਨਾਮ ਦੇ ਇਕ ਬੂਟੇ ਦਾ ਅਤਿ ਨਸ਼ੀਲਾ ਅੰਸ਼ ਹੈ, ਜਿਸ ਦਾ ਪ੍ਰਯੋਗ ਟੀਕੇ ਦੇ ਰੂਪ ਵਿਚ ਜਾਂ ਇਸ ਦੇ ਪਾਊਡਰ ਨੂੰ ਸੁੰਘ ਕੇ ਕੀਤਾ ਜਾਂਦਾ ਹੈ।

ਗੋਲੀਆਂ ਕੈਪਸੂਲ ਅਤੇ ਖਾਸੀ ਦੀਆਂ ਦਵਾਈਆਂ: ਇਨ੍ਹਾਂ ਪਦਾਰਥਾਂ ਦੀ ਨਸ਼ੇ ਦੇ ਰੂਪ ਵਿਚ ਵਰਤੋਂ ਨੇ ਮਹਾਂਮਾਰੀ ਦਾ ਰੂਪ ਧਾਰਨ ਕਰ ਲਿਆ ਹੈ। ਟੱਟੀਆਂ ਲੱਗਣ ਵੇਲੇ ਵਰਤੀ ਜਾਣ ਵਾਲੀ ਦਵਾਈ ਦਾ ਨਸ਼ੇ ਦੇ ਰੂਪ ਵਿਚ ਪ੍ਰਯੋਗ ਇਸ ਕਰਕੇ ਹੁੰਦਾ ਹੈ, ਕਿਉਂਕਿ ਉਸ ਵਿਚ ਅਫੀਮ ਦਾ ਇਕ ਅੰਸ਼ ਹੁੰਦਾ ਹੈ। ਇਸੇ ਤਰ੍ਹਾਂ ਖਾਸੀ ਲਈ ਪੀਣ ਵਾਲੀ ਦਵਾਈ ਦੀ ਵੀ ਦੁਰਵਰਤੋਂ ਕੀਤੀ ਜਾਂਦੀ ਹੈ। ਘਬਰਾਹਟ ਲਈ ਦਵਾਈਆਂ, ਨੀਂਦ ਦੀਆਂ ਗੋਲੀਆਂ ਦਾ ਪ੍ਰਯੋਗ ਵੀ ਨਸ਼ਈ ਨਸ਼ੇ ਲਈ ਕਰਦੇ ਹਨ। ਇਸ ਤੋਂ ਇਲਾਵਾ ਦਰਦ ਨਿਵਾਰਕ ਦਵਾਈਆਂ ਜੋ ਕੈਪਸੂਲ ਰੂਪ ਵਿਚ ਮਿਲਦੀਆਂ ਹਨ, ਦੀ ਦੁਰਵਰਤੋਂ ਵੀ ਨਸ਼ਿਆਂ ਲਈ ਕੀਤੀਆਂ ਜਾਂਦੀ ਹੈ। ਕਈ ਹੋਰ ਤਰ੍ਹਾਂ ਦੇ ਪਦਾਰਥ ਵੀ ਨਸ਼ੇ ਲਈ ਵਰਤੋਂ ਵਿਚ ਲਿਆਂਦੇ ਜਾਂਦੇ ਹਨ, ਜਿਵੇਂ ਪੈਟਰੋਲ ਤੋਂ ਬਣਨ ਵਾਲੀਆਂ ਵਸਤਾਂ, ਆਇਓਡੈਕਸ, ਬੂਟ ਪਾਲਿਸ਼, ਛਿਪਕਲੀ ਦੀ ਪੂਛਲ ਆਦਿ।

ਕੌਣ ਬਣ ਸਕਦੇ ਹਨ ਭਵਿੱਖ ਦੇ ਨਸ਼ਈ?

ਕੋਈ ਇਨਸਾਨ ਜੰਮਦਿਆਂ ਨਸ਼ਈ ਨਹੀਂ ਹੁੰਦਾ, ਸਗੋਂ ਉਸ ਦਾ ਆਲਾ-ਦੁਆਲਾ ਅਤੇ ਹਾਲਾਤ ਉਸਨੂੰ ਨਸ਼ਈ ਬਣਾ ਸਕਦੇ ਹਨ। ਸਾਡਾ ਸਮਾਜ ਹਰ ਬੱਚੇ ਨੂੰ ਖੁਸ਼ਨੁਮਾ ਹਾਲਾਤ ਨਹੀਂ ਦੇ ਸਕਿਆ ਅਤੇ ਸਮਾਜਕ ਬੁਰਾਈਆਂ ਅਤੇ ਜੁਰਮ ਦੇ ਕਾਰਨਾਂ ਵਿਚ ਕੁੱਝ ਹਿੱਸਾ ਸਾਡਾ ਆਪਣਾ ਵੀ ਹੈ ਅਤੇ ਸਾਡੇ ਸਮਾਜ ਦਾ ਵੀ। ਜਿਹੜੇ ਹਾਲਤਾ ਜਾਂ ਜਾਤੀ ਸੁਭਾਅ ਨਸ਼ਈ ਪੈਦਾ ਹੋਣ ਲਈ ਜ਼ਿੰਮੇਵਾਰ ਹਨ, ਉਨ੍ਹਾਂ ਵਿਚੋਂ ਕੁੱਝ ਇਸ ਪ੍ਰਕਾਰ ਹਨ:

- ਪਰਿਵਾਰ ਵਿਚ ਘਰੇਲੂ ਲੜਾਈ-ਝਗੜੇ ਅਤੇ ਪਤੀ-ਪਤਨੀ ਦੇ ਰਿਸ਼ਤੇ ਵਿਚ ਆਪਸੀ ਕੁੜੱਤਨ।
- ਟੁੱਟੇ ਪਰਿਵਾਰ ਅਤੇ ਤਲਾਕਸ਼ੁਦਾ ਮਾਂ-ਬਾਪ।
- ਕੋਈ ਧਾਰਮਿਕ ਅਤੇ ਸਮਾਜਿਕ ਰਹੁ-ਰੀਤ ਦਾ ਪਾਲਣ ਨਾ ਕਰਨ ਵਾਲੇ।
- ਮਾਂ-ਬਾਪ ਵੱਲੋਂ ਡਾਕਟਰ ਦੀ ਸਲਾਹ ਤੋਂ ਬਗੈਰ ਦਵਾਈਆਂ ਦਾ ਪ੍ਰਯੋਗ ਕਰਨਾ, ਖਾਸ ਤੌਰ 'ਤੇ ਤਣਾਅ ਤੇ ਉਦਾਸੀ ਦੀਆਂ।
- ਪਰਿਵਾਰ ਵਿਚ ਨਸ਼ਿਆਂ, ਖਾਸ ਤੌਰ ਤੇ ਸ਼ਰਾਬ ਅਤੇ ਤੰਬਾਕੂ ਦਾ ਪ੍ਰਯੋਗ।
- ਪੜ੍ਹਾਈ ਵਿਚ ਪਿਛੇ ਰਹਿਣ ਵਾਲੇ ਬੱਚੇ।
- ਉਹ ਵਿਦਿਆਰਥੀ ਜੋ ਪੜ੍ਹਾਈ ਤੋਂ ਇਲਾਵਾ ਹੋਰਨਾਂ ਸਭਿਆਚਾਰਕ ਸਰਗਰਮੀਆਂ ਵਿਚ ਹਿੱਸਾ ਨਾ ਲੈਂਦੇ ਹੋਣ।
- ਜੋ ਰਾਜਨੀਤਿਕ ਸਰਗਰਮੀਆਂ ਵਿਚ ਹਿੱਸਾ ਲੈਂਦੇ ਹੋਣ।
- ਤਾਕਤਵਰ ਲੋਕਾਂ ਜਿਵੇਂ ਰਾਜਨੀਤੀਵਾਨ, ਅਪਸਰਸ਼ਾਹ ਜਾਂ ਪੁਲਿਸ ਅਫਸਰਾਂ ਦੇ

ਨਿਕਟਵਰਤੀ ਜਾਂ ਰਿਸ਼ਤੇਦਾਰ।

- ਸਵੈ ਮਾਣ ਦੀ ਕਮੀ।
- ਭਵਿੱਖ ਪ੍ਰਤੀ ਉਦਾਸੀਨ ਰਵੱਈਆ।
- ਜਿਸਦਾ ਨਿਕਟਵਰਤੀ ਮਿੱਤਰ ਨਸ਼ਿਆਂ ਦਾ ਪ੍ਰਯੋਗ ਕਰਦਾ ਹੋਵੇ ਆਦਿ।
- ਘਰ ਵਿਚ ਖੁੱਲ੍ਹਾ ਪੈਸਾ ਅਤੇ ਮਾਂ-ਬਾਪ ਦੀ ਦਖ਼ਲ ਅੰਦਾਜ਼ੀ ਨਾ ਹੋਵੇ।
- ਬਹੁਤ ਸਖਤ ਸੁਭਾਅ ਦੇ ਮਾਂ-ਬਾਪ।

ਇਹ ਕੁੱਝ ਸੁਭਾਅ ਲੱਚਣ ਜਾਂ ਹਾਲਾਤ ਜੋ ਕਿ ਮਹੱਤਵਪੂਰਨ ਜਾਣਕਾਰੀ ਮੁਹੱਈਆ ਕਰ ਸਕਦੇ ਹਨ ਅਤੇ ਭਵਿੱਖਤ ਨਸ਼ਈ ਦਾ ਪਤਾ ਦਸ ਸਕਦੇ ਹਨ। ਲੋੜ ਹੈ ਐਸਾ ਤੰਦਰੁਸਤ ਸਮਾਜ ਸਿਰਜਨ ਦੀ ਜਿਥੇ ਐਸਾ ਮਾਹੌਲ ਹੀ ਨਾ ਪਨਪ ਸਕੇ, ਜਿਥੇ ਨਸ਼ੇ ਕਰਨ ਦੀ ਚਾਹਨਾ ਹੋਵੇ ਅਤੇ ਉਹਨਾਂ ਲੱਛਣਾਂ ਨੂੰ ਪਹਿਚਾਨਣ ਦੀ ਜੋ ਨਸ਼ਿਆਂ ਦੇ ਸੰਸਾਰ ਵੱਲ ਪਹਿਲੇ ਕੁੱਝ ਕਦਮ ਹੋਣ।

ਨਵੇਂ ਨਸ਼ਾ ਕਰਨ ਵਾਲਿਆਂ ਦੇ ਲੱਛਣ

1. ਸਕੂਲ/ਕਾਲਜ/ਕੰਮਕਾਰ ਵਿਚ ਲਗਾਤਾਰ ਗ਼ੈਰਹਾਜ਼ਰ।
2. ਬਹੁਤ ਪੈਸੇ ਖਰਚਣਾ, ਉਧਾਰ ਮੰਗਣਾ ਜਾਂ ਚੋਰੀ ਕਰਨਾ।
3. ਪੁਰਾਣੇ ਦੋਸਤ ਛੱਡ ਕੇ ਅਚਾਨਕ ਨਵੇਂ ਦੋਸਤ ਬਣਾਉਣਾ।
4. ਲੋਕਾਂ ਤੋਂ ਪਰ੍ਹੇ ਰਹਿਣਾ ਅਤੇ ਇਕਾਂਤ ਜ਼ਿਆਦਾ ਪਸੰਦ ਕਰਨਾ।
5. ਗੁਸਲਖਾਨੇ ਵਿਚ ਬਹੁਤ ਜ਼ਿਆਦਾ ਸਮਾਂ ਲਗਾਉਣਾ।
6. ਪੜ੍ਹਾਈ ਵਿਚ ਅੱਗੇ ਨਾਲੋਂ ਨਾਲਾਇਕ ਹੋਣਾ।
7. ਖੇਡਾਂ ਅਤੇ ਹੋਰ ਰੁਚੀਆਂ ਵਿਚ ਰੁਚੀ ਘਟਣਾ।
8. ਚਿੜਚਿੜੇ ਰਹਿਣਾ।
9. ਬਿਨਾਂ ਕਾਰਣ ਤੋਂ ਅਚਾਨਕ ਜ਼ਿੱਦ ਵਿਚ ਆਉਣਾ।
10. ਅੱਖਾਂ ਦੀ ਲਾਲੀ।
11. ਅੱਖਾਂ ਹੇਠ ਸੋਜ।
12. ਲੜਖੜਾ ਕੇ ਤੁਰਨਾ।
13. ਹਕਲਾ ਕੇ ਬੋਲਣਾ।
14. ਸਰੀਰ ਤੇ ਕਈ ਟੀਕਿਆ ਦੇ ਨਿਸ਼ਾਨ।
15. ਭੁੱਖ ਦਾ ਘਟਣਾ।
16. ਭਾਰ ਦਾ ਘਟਣਾ।

ਨਸ਼ਿਆਂ ਦਾ ਸਿਹਤ ਤੇ ਪ੍ਰਭਾਵ: ਸੰਸਾਰ ਸਿਹਤ ਸੰਸਥਾ ਅਨੁਸਾਰ ਤੰਦਰੁਸਤ ਸਿਹਤ ਤੋਂ ਭਾਵ ਹੈ ਸਰੀਰਿਕ, ਮਾਨਸਿਕ, ਭਾਵਨਾਤਮਕ ਅਤੇ ਸਦਾਚਾਰਕ ਤੰਦਰੁਸਤੀ। ਨਸ਼ੇ ਸਿਹਤ ਦੇ ਹਰ ਅੰਗ ਤੇ ਅਸਰ ਕਰਦੇ ਹਨ ਅਤੇ ਇਸ ਬੇਸ਼ਕੀਮਤੀ ਮਨੁੱਖੀ ਦੇਹੀ ਨੂੰ ਬਦਨੁਮਾ ਸੂਰਤ ਅਤੇ ਹਾਲਾਤਾਂ ਦੇ ਹਾਲ ਤੇ ਛੱਡ ਦਿੰਦੇ ਹਨ। ਹਰ ਨਸ਼ਾ ਆਪਣੇ ਆਪ

ਵਿਚ ਮਾਰੂ ਹੈ। ਕੁੱਝ ਨਸ਼ਿਆਂ ਦੇ ਸਰੀਰਕ ਅਸਰ ਤੇ ਸਿਹਤ ਤੇ ਪ੍ਰਭਾਵ ਇਸ ਪ੍ਰਕਾਰ ਹਨ:

ਸ਼ਰਾਬ ਕਾਰਣ ਹੋਣ ਵਾਲੇ ਰੋਗ: ਦਿਮਾਗ ਤੇ ਅਸਰ ਕਰਕੇ ਇਸ ਦੀ ਸੋਚ ਸ਼ਕਤੀ ਤੇ ਕੰਮ ਕਰਨ ਦੀ ਸਮਰੱਥਾ ਘਟਾਉਂਦੀ ਹੈ। ਮਿਹਦੇ ਦੀ ਸੋਜ, ਅਲਸਰ, ਕੈਂਸਰ, ਜਿਗਰ ਦੀ ਸੋਜ, ਜਿਗਰ ਦਾ ਸਖਤ ਹੋਣਾ, ਖ਼ੂਨ ਦੀ ਕਮੀ, ਸੋਕੇ ਵਰਗੀ ਬਿਮਾਰੀ, ਨਿਪੁੰਸਕਤਾ, ਦਿਲ ਦੀਆ ਮਾਸਪੇਸ਼ੀਆਂ ਤੇ ਅਸਰ ਅਤੇ ਨਾੜਾਂ ਵਿਚ ਰੁਕਾਵਟ, ਦਿਮਾਗ ਦੀਆਂ ਨਸਾਂ ਦੀ ਸੋਜ ਅਤੇ ਦਿਮਾਗ ਦਾ ਸੁੰਗੜਨਾ ਆਦਿ ਹੋਰ ਕਈ ਪ੍ਰਕਾਰ ਦੇ ਵਿਗਾੜ ਪੈਦਾ ਹੁੰਦੇ ਹਨ।

ਤੰਬਾਕੂ ਕਾਰਣ ਹੋਣ ਵਾਲੇ ਰੋਗ:

1. ਤੰਬਾਕੂ ਚੱਬਣਾ, (Tobacco Chewing) ਤੰਬਾਕੂ, ਗੁਟਖਾ, ਜ਼ਰਦਾ ਅਤੇ ਪਾਨ ਚਬਾਉਣ ਨਾਲ ਮੂੰਹ ਦੇ ਅੰਦਰ ਝਿੱਲੀ ਦੀ ਸੋਜ ਅਤੇ ਸੁੰਗੜਦੀ ਹੈ। ਜਿਸ ਕਾਰਨ ਮੂੰਹ ਪੂਰੀ ਤਰ੍ਹਾਂ ਨਹੀਂ ਖੁੱਲ੍ਹ ਸਕਦਾ ਅਤੇ ਹੌਲੀ-ਹੌਲੀ ਓਨਾ ਹੀ ਖੁੱਲ੍ਹਦਾ ਹੈ ਜਿਸ ਵਿਚੋਂ ਪਾਣੀ ਪੀਣ ਵਾਲੀ ਪਾਈਪ ਹੀ ਅੰਦਰ ਜਾ ਸਕੇ। ਮੂੰਹ ਦਾ ਕੈਂਸਰ ਵੀ ਹੋ ਜਾਂਦਾ ਹੈ। ਇਸ ਨਾਲ ਬੁੱਲ, ਮਸੂੜਿਆਂ, ਜ਼ੁਬਾਨ ਆਦਿ ਤੇ ਨਾ ਠਕਿ ਹੋ ਸਕਣ ਵਾਲੇ ਛਾਲੇ ਹੋ ਜਾਂਦੇ ਹਨ। ਇਸ ਬਿਮਾਰੀ ਦਾ ਪਤਾ ਲਗਾਣ ਤੱਕ ਮਰੀਜ਼ ਦਾ ਲੱਖਾਂ ਰੁਪਏ ਤੱਕ ਖਰਚਾ ਆ ਜਾਂਦਾ ਹੈ।

2. **ਤੰਬਾਕੂ ਪੀਣਾ** (Tobacco Smoking): ਬੀੜੀ ਸਿਗਰਟ ਦੇ ਰੂਪ ਵਿਚ ਸੰਸਾਰ ਭਰ ਵਿਚ ਤੰਬਾਕੂ ਕਾਰਨ ਹਜ਼ਾਰਾਂ ਲੋਕ ਰੋਜ਼ਾਨਾ ਮਰ ਰਹੇ ਹਨ। ਤੰਬਾਕੂ ਪੀਣ ਨਾਲ ਹੋਣ ਵਾਲੇ ਰੋਗ ਇਸ ਪ੍ਰਕਾਰ ਹਨ:

ਸਿਗਰਟ ਬੀੜੀ ਦੇ ਧੂੰਏ ਵਿਚ 3000 ਮਾਰੂ ਅੰਸ਼ ਹਨ ਅਤੇ ਇਨ੍ਹਾਂ ਵਿਚ ਮੁੱਖ ਹਨ ਟਾਰ, ਨਿਕੋਟੀਨ ਅਤੇ ਕਾਰਬਨ ਮੋਨੋਆਕਸਾਈਡ ਗੈਸ। ਤੰਬਾਕੂ ਵਰਤਣ ਵਾਲਿਆਂ ਵਿਚ ਕੈਂਸਰ ਦੀ ਸੰਭਾਵਨਾ ਦਸ ਗੁਣਾ ਹੈ। 30% ਕੈਂਸਰ ਦਾ ਮੁੱਖ ਕਾਰਨ ਤੰਬਾਕੂਨੋਸ਼ੀ ਹੈ। ਇਸ ਨਾਲ ਹੋਣ ਵਾਲੇ ਰੋਗ ਇਸ ਪ੍ਰਕਾਰ ਹਨ:

- **ਸਾਹ ਵਾਲੀ ਪ੍ਰਣਾਲੀ ਦੇ ਰੋਗ:** ਖਾਸੀ, ਰੇਸ਼ਾ, ਫੇਫੜਿਆਂ ਦੀ ਸੋਜਿਸ਼, ਤਪਦਿਕ (TB), ਐਫਾਈਸੀਮਾ (Emphysema), ਫੇਫੜਿਆਂ ਦਾ ਕੈਂਸਰ।
- **ਦਿਲ ਦੇ ਰੋਗ:** ਤੰਬਾਕੂ ਨੋਸ਼ੀ ਨਾਲ ਦਿਲ ਦੇ ਰੋਗ ਵਧਣ ਦਾ ਖ਼ਤਰਾ 75% ਦਿਲ ਦੀਆਂ ਨਾੜੀਆਂ ਦਾ ਸੁੰਗੜਨਾ, ਹਾਰਟ ਅਟੈਕ।
- **ਕੈਂਸਰ:** 90% ਫੇਫੜਿਆਂ ਦਾ ਕੈਂਸਰ ਮੁੱਖ ਤੌਰ ਤੇ ਤੰਬਾਕੂ ਕਰਕੇ ਮੂੰਹ, ਬੁੱਲ੍ਹ, ਆਵਾਜ਼ ਅੰਗ, ਖਾਣੇ ਵਾਲੀ ਨਾਲੀ, ਗੁਰਦੇ ਅਤੇ ਬਲੈਡਰ ਦਾ ਕੈਂਸਰ।
- **ਦੰਦਾਂ ਅਤੇ ਮਸੂੜਿਆਂ ਦੇ ਰੋਗ:** ਦੰਦ ਪੀਲੇ ਪੈਣੇ, ਮਸੂੜਿਆਂ ਦੀ ਸੋਜ, ਬਦਬੂਦਾਰ ਮੂੰਹ ਆਦਿ।
- ਖ਼ੂਨ ਦਾ ਵਧੇਰੇ ਦਬਾਅ (Hypertension), ਮਾਨਸਿਕਤਾ ਤੇ ਪ੍ਰਭਾਵ।

ਨਸ਼ੇ ਐਸੀ ਬਿਮਾਰੀ ਹਨ, ਜੋ ਨਾ ਕੇਵਲ ਸਰੀਰ ਸਗੋਂ ਮਨ ਤੇ ਵੀ ਅਸਰ ਕਰਦੇ ਹਨ

ਅਤੇ ਮਨੁੱਖ ਨੂੰ ਮਾਨਸਿਕ ਰੋਗੀ ਬਣਾਉਂਦੇ ਹਨ। ਨਸ਼ੇ ਵਰਤਣ ਵਾਲੇ ਦੀ ਸੋਚ ਹਮੇਸ਼ਾਂ ਨਸ਼ਿਆਂ ਦੇ ਆਲੇ-ਦੁਆਲੇ ਘੁੰਮਦੀ ਰਹੇਗੀ, ਕਿ ਮੈਂ ਹੁਣ ਨਸ਼ੇ ਕਿਥੋਂ ਤੇ ਕਿਵੇਂ ਪ੍ਰਾਪਤ ਕਰਾਂਗਾ। ਮੇਰੇ ਕੋਲ ਪੈਸੇ ਕਿਥੋਂ ਆਉਣਗੇ ਆਦਿ। ਨਸ਼ਈ ਨੂੰ ਆਪਣੇ ਭਵਿੱਖ, ਪਰਿਵਾਰ ਅਤੇ ਬੱਚਿਆਂ ਆਦਿ ਦੀ ਕੋਈ ਚਿੰਤਾ ਨਹੀਂ ਹੁੰਦੀ। ਹੋਰਾਂ ਕੋਲੋਂ ਝੂਠ ਬੋਲ ਕੇ ਪੈਸੇ ਲੈਣੇ, ਆਪਣੇ ਕੰਮ ਅਤੇ ਸਾਥੀ ਪ੍ਰਤੀ ਵਫਾਦਾਰ ਨਾ ਹੋਣਾ, ਇਸੇ ਮਾਨਸਿਕ ਬਿਮਾਰੀ ਦਾ ਹਿੱਸਾ ਹਨ। ਨਸ਼ਈ ਆਮ ਤੌਰ ਤੇ ਉਦਾਸੀ (Depression) ਦਾ ਸ਼ਿਕਾਰ ਹੋ ਜਾਂਦਾ ਹੈ ਜੋ ਕਿ ਬਹੁਤੀ ਵਾਰ ਉਹਦੇ ਲਈ ਆਤਮਹੱਤਿਆ ਦਾ ਕਾਰਨ ਬਣ ਜਾਂਦਾ ਹੈ।

ਜੀਵਨ ਅਤਿ ਕੀਮਤੀ ਹੈ ਅਤੇ ਇਸ ਦਾ ਲੁਤਫ ਚੇਤੰਨ ਹੋ ਕੇ, ਜਾਗਦਿਆਂ ਹੀ ਲਿਆ ਜਾ ਸਕਦਾ ਹੈ। ਸੁਤਿਆਂ ਜ਼ਿੰਦਗੀ ਕਦੋਂ ਪੱਲਾ ਝਾੜ ਕੇ ਕੋਲੋਂ ਦੀ ਲੰਘ ਜਾਂਦੀ ਹੈ ਪਤਾ ਹੀ ਨਹੀਂ ਲੱਗਦਾ। ਇਹ ਨਸ਼ੇ ਦੀ ਬਿਮਾਰੀ ਦਿਮਾਗ ਤੇ ਇਸ ਕਦਰ ਅਸਰ ਕਰਦੀ ਹੈ ਕਿ ਦਿਮਾਗ ਦੀਆਂ ਨਸਾਂ ਸੁੰਗੜ ਜਾਂਦੀਆਂ ਹਨ, ਯਾਦ ਸ਼ਕਤੀ ਘੱਟ ਜਾਂਦੀ ਹੈ। ਹੌਲੀ-ਹੌਲੀ ਦਿਮਾਗ ਕੰਮ ਕਰਨਾ ਘਟਾ ਦਿੰਦਾ ਹੈ। ਜਿਸ ਦਾ ਭਾਵ ਹੈ ਪਾਗਲਪਨ। ਜਿਥੇ ਨਸ਼ਾ ਕਰਨ ਕਰਕੇ ਮਾਨਸਿਕ ਰੋਗ ਉਤਪਮ ਹੁੰਦੇ ਹਨ, ਉਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਾਨਸਿਕ ਰੋਗੀ ਹੀ ਨਸ਼ਾ ਕਰਦੇ ਹਨ।

ਸਮਾਜਿਕ ਅਤੇ ਆਰਥਿਕ ਹਾਨੀਆਂ: ਨਸ਼ਾ ਕੇਵਲ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਸਮੱਸਿਆ ਨਹੀਂ, ਸਗੋਂ ਇਹ ਪਰਿਵਾਰ ਦੇ ਨਾਲ-ਨਾਲ ਸਾਰੇ ਸਮਾਜ ਨੂੰ ਵੀ ਪ੍ਰਭਾਵਤ ਕਰਦਾ ਹੈ।

ਨਸ਼ਿਆਂ ਦਾ ਜੁਰਮ ਨਾਲ ਸਿੱਧਾ ਸਬੰਧ ਹੈ। ਸਮਾਜ ਵਿਚ ਨਸ਼ਿਆਂ ਦੇ ਵੱਧਣ ਦਾ ਸਿੱਧਾ ਅਰਥ ਹੈ ਜੁਰਮ ਦਾ ਵਧਣਾ। ਨਸ਼ੇ ਵਰਤਣ ਵਾਲੇ ਲਈ ਸਭ ਤੋਂ ਵੱਧ ਲੋੜੀਂਦੀ ਵਸਤੂ ਹੈ ਨਸ਼ਾ ਅਤੇ ਇਸ ਲਈ ਉਹ ਕੁੱਝ ਵੀ ਕਰ ਸਕਦਾ ਹੈ। ਜਦੋਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਨਸ਼ਿਆਂ ਲਈ ਪੈਸਿਆਂ ਦੇ ਸਭ ਸਾਧਨ ਜਿਵੇਂ ਕਮਾਈ, ਉਦਾਰ ਆਦਿ ਮੁਕ ਗਏ ਹਨ, ਤਾਂ ਉਸ ਪਾਸ ਸਿਰਫ ਇਕ ਚਾਰਾ ਹੀ ਰਹਿ ਜਾਂਦਾ ਹੈ। ਪਹਿਲਾਂ-ਪਹਿਲ ਉਹ ਘਰ ਦਾ ਸਾਮਾਨ ਚੋਰੀ ਕਰਦਾ ਹੈ ਅਤੇ ਫੇਰ ਬਾਹਰੋਂ ਵੀ। ਨਸ਼ੇ ਵਰਤਣ ਵਾਲਿਆਂ ਨੇ ਆਪਣੇ ਮਾਫੀਆ ਗਿਰੋਹ ਬਣਾ ਲਏ ਹਨ।

ਨਸ਼ੇ ਵਰਤਣ ਵਾਲਿਆਂ ਵਿਚ ਆਤਮਹੱਤਿਆ ਕਰਨ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਲਗਪਗ 20-25 ਪ੍ਰਤੀਸ਼ਤ ਨਸ਼ੇਬਾਜ ਆਤਮਹੱਤਿਆ ਕਰ ਲੈਂਦੇ ਹਨ। ਨਸ਼ਿਆਂ ਕਾਰਨ ਪਰਿਵਾਰਕ ਬਣਤਰ ਅਤੇ ਬੱਚਿਆਂ ਦੇ ਪਾਲਣ-ਪੋਸਣ ਵਿਚ ਵੀ ਕਾਫੀ ਤਬਦੀਲੀਆਂ ਆ ਰਹੀਆਂ ਹਨ। ਤਲਾਕਾਂ ਦੀ ਗਿਣਤੀ ਵਧੀ ਹੈ। ਪਰਿਵਾਰਕ ਝਗੜਿਆਂ ਕਾਰਣ ਬੱਚਿਆਂ ਦੇ ਪਾਲਣ ਅਤੇ ਵਿਕਾਸ ਵਿਚ ਬਹੁਤ ਮਾੜਾ ਅਸਰ ਹੋ ਰਿਹਾ ਹੈ। ਇਹ ਯੁੱਗ ਉਦਯੋਗਿਕ ਆਰਥਿਕ ਸਮਾਜ ਦਾ ਯੁਗ ਹੈ, ਜਿਸ ਦੀ ਵਿਸ਼ੇਸ਼ਤਾ ਹੈ ਉੱਨਤਸ਼ੀਲ ਅਤੇ ਲਗਾਤਾਰ ਨਵੀਂ ਤਕਨੀਕ ਦਾ ਵਿਕਸਤ ਹੋਣਾ। ਜੋ ਸਮਾਜ ਹਾਲੇ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੋਵੇ, ਉਸ ਦਾ ਅਰਥਚਾਰਾ ਰੇਤ ਦੀ ਦੀਵਾਰ ਦੀ ਤਰ੍ਹਾਂ ਹੈ। ਨਸ਼ਈ ਨਾ ਨੌਕਰੀ ਕਰ ਸਕਦਾ ਹੈ, ਨਾ ਪੜ੍ਹਾਈ ਨਾ ਖੇਤੀ।

ਕੀ ਨਸ਼ਾ ਛੱਡਣਾ ਸੰਭਵ ਹੈ: ਅਸੰਭਵ ਸ਼ਬਦ ਇਨਸਾਨ ਦੀ ਕਿਤਾਬ ਵਿਚ ਨਹੀਂ ਹੁੰਦਾ। ਨਸ਼ਾ ਕਰਨਾ ਇਕ ਬਿਮਾਰੀ ਹੈ ਜਿਵੇਂ ਕਿਸੇ ਐਸੇ ਸੱਜਣ ਜਿਸ ਦਾ ਪੇਟ ਖਰਾਬ ਹੋਵੇ, ਨੂੰ ਬਾਰ-ਬਾਰ ਇਹ ਕਿਹਾ ਜਾਵੇ ਕਿ ਭਾਈ ਤੂੰ ਸੋਚੀਂ ਨਹੀਂ ਜਾਣਾ, ਸਗੋਂ ਆਪਣੀ ਇੱਛਾ ਸ਼ਕਤੀ ਸਦਕਾ ਆਪਣੇ ਆਪ ਤੇ ਕਾਬੂ ਪਾ ਤਾਂ ਇਹ ਸੰਭਵ ਹੋ ਸਕਦਾ ਹੈ। ਇਸੇ ਤਰ੍ਹਾਂ ਇਕੱਲੇ ਆਪਣੇ ਆਪ ਤੇ ਕਾਬੂ ਪਾ ਕੇ ਨਸ਼ਿਆਂ ਦੀ ਬਿਮਾਰੀ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਆਮ ਵਿਚਾਰ ਹੈ ਕਿ ਆਪਣੀ ਇੱਛਾ ਸ਼ਕਤੀ (ਂਲਿਲ ਪੋਾਇਰ) ਦੀ ਵਰਤੋਂ ਕਰਕੇ ਸੰਜਮ ਵਿਚ ਰਿਹਾ ਜਾ ਸਕਦਾ ਹੈ। ਇਕ ਨਸ਼ਈ ਲਈ ਇੱਛਾ ਸ਼ਕਤੀ ਦੀ ਅਸਲ ਵਿਚ ਕੋਈ ਹੋਂਦ ਨਹੀਂ ਰਹਿੰਦੀ ਅਤੇ ਇਹ ਸਭ ਤੋਂ ਪਹਿਲਾਂ ਨਸ਼ੇ ਦਾ ਸ਼ਿਕਾਰ ਹੁੰਦੀ ਹੈ। ਉਹ ਕਈ ਵਾਰ ਕੁੱਝ ਹਫਤੇ ਜਾਂ ਮਹੀਨੇ ਝੱਲੀਆਂ ਪੀੜਾਂ ਅਤੇ ਨਮੋਸ਼ੀ ਚੇਤੇ ਕਰਨ ਵਿਚ ਅਸਮਰੱਥ ਹੁੰਦੇ ਹਨ। ਨਸ਼ਿਆਂ ਦੇ ਲਗਾਤਾਰ ਸੇਵਨ ਨਾਲ ਉਹਨਾਂ ਦੇ ਮਾਨਸਿਕ ਅਤੇ ਸਰੀਰਕ ਹਾਲਾਤ ਇੰਨੇ ਵਿਗੜ ਜਾਂਦੇ ਹਨ ਕਿ ਉਹ ਹਰ ਚੀਜ਼ ਤੋਂ ਲਾਪ੍ਰਵਾਹ ਹੋ ਜਾਂਦੇ ਹਨ। ਇਹਨਾਂ ਹਾਲਾਤਾਂ ਵਿਚ ਰਹਿ ਰਹੇ ਨਸ਼ੀਆਂ ਲਈ ਫੇਰ ਤੋਂ ਜੀਵਨ ਦੀ ਮੁੱਖ ਧਾਰਾ ਵਿਚ ਪਰਤਣਾ ਸੰਭਤ ਤਾਂ ਹੈ, ਪਰ ਆਸਾਨ ਨਹੀਂ।

ਨਸ਼ਾ ਛੱਡਣ ਲਈ ਇਕ ਸਿਰਫ ਦਵਾਈ ਲੈਣੀ ਹੀ ਕਾਫੀ ਨਹੀਂ ਹੁੰਦੀ ਬਲਕਿ ਹੇਠਲੀ ਪ੍ਰੀਖਿਆ ਵਿਚੋਂ ਲੰਘਣਾ ਪਵੇਗਾ।

ਸਮਰਪਣ: ਸਿਹਤਯਾਬੀ ਦੇ ਰਾਹ ਤੇ ਪਹਿਲੇ ਕਦਮ ਵਜੋਂ ਇਸ ਭਾਵਨਾ ਦਾ ਆਗਮਨ ਹੁੰਦਾ ਹੈ ਕਿ ਮੈਂ ਨਸ਼ਈ ਹਾਂ। ਪਹਿਲਾ ਅੰਗ ਹੈ ਬਿਮਾਰੀ ਨੂੰ ਕਬੂਲਣਾ। ਜੇ ਕਿਸੇ ਸਮੱਸਿਆ ਨੂੰ ਪਛਾਨਣ ਤੋਂ ਹੀ ਇਨਕਾਰੀ ਹੋਵਾਂਗੇ, ਤਾਂ ਉਸ ਦੇ ਹੱਲ ਲਈ ਵੀ ਕਦੇ ਨਹੀਂ ਸੋਚਾਂਗੇ। ਨਸ਼ਈ ਨੂੰ ਇਹ ਅਹਿਸਾਸ ਆਪਣੇ ਆਪ ਵੀ ਹੋ ਸਕਦਾ ਹੈ, ਉਸ ਦੇ ਮਾਂ-ਬਾਪ, ਮਿੱਤਰ ਇਸ ਲਈ ਮਦਦ ਕਰ ਸਕਦੇ ਹਨ। ਸਭ ਤੋਂ ਪ੍ਰਮੁੱਖ ਯੋਗਦਾਨ ਨਸ਼ਾ ਮੁਕਤੀ ਕਾਊਂਸਲਰ ਦਾ ਹੋ ਸਕਦਾ ਹੈ, ਜੋ ਇਹ ਅਹਿਸਾਸ ਕਰਵਾਏ ਕਿ ਨਸ਼ਈ ਰੋਗਗ੍ਰਸਤ ਹੈ ਅਤੇ ਉਸ ਨੂੰ ਇਲਾਜ ਦੀ ਸਖਤ ਲੋੜ ਹੈ। ਇਹ ਦਾਅਵੇ ਕਿ ਰੋਗੀ ਨੂੰ ਬਿਨਾਂ ਦੱਸੇ ਅਤੇ ਉਸ ਦੀ ਮਦਦ ਤੋਂ ਬਗੈਰ ਨਸ਼ਿਆਂ ਦਾ ਇਲਾਜ ਹੋ ਸਕਦਾ ਹੈ ਸਰਸਰ ਗਲਤ ਹੈ।

ਇਲਾਜ: ਰੋਗੀ ਦੇ ਸਰੀਰ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਦਵਾਈਆਂ ਦਿੱਤੀਆ ਜਾਂਦੀਆਂ ਹਨ। ਇਲਾਜ ਦੌਰਾਨ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਿਆ ਜਾਂਦਾ ਹੈ ਕਿ ਰੋਗੀ ਨੂੰ ਤਕਲੀਫਾਂ ਘੱਟ ਤੋਂ ਘੱਟ ਹੋਣ ਅਤੇ ਉਸ ਦਾ ਸਰੀਰ ਪੂਰਨ ਤੌਰ ਤੇ ਨਸ਼ਿਆਂ ਦੇ ਬੰਧਨ ਤੋਂ ਮੁਕਤ ਹੋਵੇ ਅਤੇ ਨਸ਼ੇ ਨਾ ਲੈਣ ਦੀ ਸੂਰਤ ਵਿਚ ਕਿਸੇ ਕਿਸਮ ਦੀ ਲੋੜ ਮਹਿਸੂਸ ਨਾ ਹੋਵੇ।

ਹਾਲਾਤ: ਨਸ਼ੇ ਨਾ ਕੇਵਲ ਸਰੀਰ ਤੇ ਅਸਰ ਕਰਦੇ ਹਨ, ਸਗੋਂ ਮਨੁੱਖ ਦੀ ਜ਼ਿੰਦਗੀ ਤੇ ਆਪਣਾ ਮਾੜਾ ਅਸਰ ਪਾਉਂਦੇ ਹਨ। ਨਸ਼ਈ ਦੀ ਜ਼ਿੰਦਗੀ, ਉਸ ਦਾ ਪਰਿਵਾਰ, ਅਰਥਚਾਰਾ, ਸਮਾਜਿਕ ਰੁਤਬਾ ਆਦਿ ਸਭ ਤੇ ਨਸ਼ਿਆਂ ਦਾ ਪਰਛਾਵਾਂ ਪੈਣ ਕਾਰਣ ਵਿਗਾੜ ਪੈਦਾ ਹੋ ਚੁਕਿਆ ਹੁੰਦਾ ਹੈ।

ਸਭ ਤੋਂ ਪ੍ਰਮੁੱਖ ਅਸਰ ਹੁੰਦਾ ਹੈ ਮਨ ਤੇ। ਸਰੀਰ ਨੂੰ ਜਿੰਨਾ ਮਰਜ਼ੀ ਨਸ਼ਾ ਮੁਕਤ ਕਰ ਲਿਆ ਜਾਵੇ, ਜਦ ਤੱਕ ਮਨ ਕਰਕੇ ਨਸ਼ਿਆਂ ਦਾ ਤਿਆਗ ਨਹੀਂ ਹੁੰਦਾ, ਨਸ਼ਈ ਕਦੇ ਵੀ ਉਹਨਾਂ ਹਾਲਾਤਾਂ ਵਿਚ ਵਾਪਸ ਜਾ ਸਕਦਾ ਹੈ। ਨਸ਼ਾ ਸਰੀਰ ਨੂੰ 20 ਪ੍ਰਤੀਸ਼ਤ ਅਤੇ ਮਨ ਨੂੰ 80 ਪ੍ਰਤੀਸ਼ਤ ਗੁਲਾਮ ਬਣਾ ਕੇ ਰੱਖਦਾ ਹੈ। ਮਨ ਕਰਕੇ ਨਸ਼ਿਆਂ ਦੇ ਤਿਆਗ ਤੋਂ ਭਾਵ ਹੈ ਐਸੀ ਜੀਵਨ ਜਾਚ ਦੀ ਸਿਖਲਾਈ ਜਿਥੇ ਤਣਾਅ ਤੇ ਜ਼ਿੰਮੇਵਾਰੀਆਂ ਦੇ ਮੌਕੇ ਨਸ਼ਿਆਂ ਦੀ ਓਟ ਨਾ ਤੱਕੇ ਹਰ ਮਸਲੇ ਨੂੰ ਬਿਬੇਕ ਬੁੱਧ ਨਾਲ ਹੱਲ ਕਰੇ। ਮਨ ਦੀ ਸਿਖਲਾਈ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਮਨੁੱਖ ਆਪਣੇ ਇਖਲਾਕ, ਆਤਮ ਸਨਮਾਨ ਅਤੇ ਜ਼ਿੰਮੇਵਾਰੀਆਂ ਪ੍ਰਤੀ ਇਮਾਨਦਾਰ ਹੋਵੇ। ਇਸ ਦੇ ਨਾਲ-ਨਾਲ ਮਾਂ-ਬਾਪ, ਪਤਨੀ ਆਦਿ ਨਾਲ ਵਿਚਾਰਾਂ ਕਰਕੇ ਉਹਨਾਂ ਨੂੰ ਰੋਗੀ ਦੀ ਮਨੋਬਿਰਤੀਆਂ ਦੀ ਪਹਿਚਾਣ ਕਰਵਾਈ ਜਾਂਦੀ ਹੈ ਅਤੇ ਰੋਗੀ ਨਾਲ ਉਨ੍ਹਾਂ ਦੇ ਰਵੱਈਏ ਪ੍ਰਤੀ ਬਦਲਾਓ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸਾਰੇ ਸਮਾਜ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ਿਆਂ ਦੇ ਰੋਗ ਨਾਲ ਪੀੜਤ ਰੋਗੀ ਨੂੰ ਐਸਾ ਮਾਹੌਲ ਪ੍ਰਦਾਨ ਕਰੇ ਜਿਥੇ ਉਹ ਪੂਰਨ ਤੌਰ ਤੇ ਠਕਿ ਹੋਵੇ। ਨਸ਼ੇ ਵਰਤਣ ਵਾਲੇ ਸਾਡੇ ਹੀ ਸਮਾਜ ਦਾ ਅੰਗ ਹਨ ਭਾਵੇਂ ਉਹ ਬਿਮਾਰ ਅੰਗ ਹਨ। ਉਹਨਾਂ ਨੂੰ ਸਾਡੀ ਨਫਰਤ ਹੀ ਨਹੀਂ ਸਗੋਂ ਪਿਆਰ ਅਤੇ ਸਦਭਾਵਨਾ ਦੀ ਲੋੜ ਹੈ।

ਗੁਆਂਢੀਆਂ ਘਰ ਲੱਗੀ ਅੱਗ, ਇਸ ਤੋਂ ਪਹਿਲਾਂ ਕਿ ਸਾਡੇ ਘਰ ਤੱਕ ਪਹੁੰਚੇ, ਬੁਝਾ ਦੇਣੀ ਚਾਹੀਦੀ ਹੈ। ਇਹ ਕਹਿ ਕੇ ਪੱਲਾ ਝਾੜ ਦੇਣਾ ਕਿ ਸਾਡੇ ਘਰ ਕੋਈ ਨਸ਼ਾ ਨਹੀਂ ਕਰਦਾ, ਵੀ ਠੀਕ ਨਹੀਂ। ਪਰਿਵਾਰ ਦੇ ਨਾਲ ਸਾਡੇ ਕੁੱਝ ਸਮਾਜਿਕ ਫਰਜ਼ ਵੀ ਹੁੰਦੇ ਹਨ। ਕੱਲ੍ਹ ਨੂੰ ਕੋਈ ਨਸ਼ਈ ਸਾਡੇ ਘਰ ਵੀ ਚੋਰੀ ਕਰ ਸਕਦਾ ਹੈ ਜਾਂ ਸਾਡੇ ਬੱਚੇ ਉਨ੍ਹਾਂ ਦੇ ਸੰਪਰਕ ਵਿਚ ਆ ਕੇ ਨਸ਼ਈ ਬਣ ਸਕਦੇ ਹਨ। ਸਾਰੇ ਸਮਾਜ ਨੂੰ ਨਸ਼ਾ ਮੁਕਤ ਕਰਨ ਲਈ ਸਾਂਝਾ ਹੰਭਲਾ ਮਾਰਨ ਦੀ ਲੋੜ ਹੈ।

-0-

16. ਗੁਰੁ ਸਿੱਖੀ ਦੀ ਇਹ ਨੀਸਾਨੀ

ਗੁਰੂ ਦੀ ਬਖਸ਼ੀ ਜੀਵਨ ਜੁਗਤ ਦੁਆਰਾ ਸਤ ਸੰਗਤਿ ਵਿਚ ਰਹਿੰਦਿਆਂ ਮਨੁੱਖ ਜਦੋਂ ਆਪਣੇ ਜੀਵਨ ਨੂੰ ਪੂਰਣ ਰੂਪ ਵਿਚ ਸੁਆਰ ਲੈਂਦਾ ਹੈ, ਤਾਂ ਉਹ ਮਨੁੱਖਾ ਜੀਵਨ ਦੀ ਮੰਜ਼ਿਲ ਭਾਵ 'ਗੋਬਿੰਦ ਮਿਲਣ' ਦੀ ਘੜੀ ਨੂੰ ਆ ਪਹੁੰਚਦਾ ਹੈ, ਪਰ ਅੜਚਣ ਇਹੀ ਆਉਂਦੀ ਹੈ ਕਿ ਐਸੇ ਇਨਸਾਨ ਦੀ ਪਹਿਚਾਣ ਕਿਵੇਂ ਹੋਵੇ। ਗੁਰਮਤਿ ਅਨੁਸਾਰ ਅਜਿਹੇ ਧਰਮੀ ਮਨੁੱਖ ਦੀਆਂ ਕੁੱਝ ਖ਼ਾਸ ਨਿਸ਼ਾਨੀਆਂ ਦਸੀਆਂ ਗਈਆਂ ਹਨ:

1. ਨਿਮਰਤਾ	2. ਮਿੱਠ ਬੋਲੜਾਪਨ	3. ਦ੍ਰਿੜ੍ਹਤਾ
4. ਨਿਰਭੈਤਾ	5. ਨਿਰਵੈਰਤਾ	6. ਸੇਵਾ
7. ਕਿਰਤ	8. ਉੱਚਾ ਆਚਰਣ	9. ਵੰਡ ਛਕਣਾ
10. ਸਦਾ ਵਿਗਾਸ		

ਨਿਮਰਤਾ: ਪਰਮਾਤਮਾ ਦੀ ਪਹਿਚਾਣ ਕਰ ਚੁੱਕੇ ਮਨੁੱਖ ਵਿਚ ਨਿਮਰਤਾ ਅਤੇ

ਹਲੀਮੀ ਅਤਿ ਦਰਜੇ ਦੀ ਹੁੰਦੀ ਹੈ। ਗੁੱਸਾ ਉਸ ਦੇ ਨੇੜੇ-ਤੇੜੇ ਵੀ ਨਹੀਂ ਹੁੰਦਾ। ਕਈ ਵਾਰ ਉਸ ਨੂੰ ਇਹ ਪਤਾ ਵੀ ਹੁੰਦਾ ਹੈ ਕਿ ਸਾਹਮਣੇ ਵਾਲਾ ਜਾਣ-ਬੁੱਝ ਕੇ ਉਸਦਾ ਅਪਮਾਨ ਕਰ ਰਿਹਾ ਹੈ, ਫਿਰ ਵੀ ਉਹ ਦੇਖ ਕੇ ਅਣਡਿੱਠ ਕਰਦਿਆਂ ਰੁੱਖਾਂ ਜਿਹਾ ਸਬਰ ਧਾਰਣ ਕਰ ਲੈਂਦਾ ਹੈ। ਅਜਿਹੇ ਮਨੁਖ ਨੂੰ ਉਦੋਂ ਗੁੱਸਾ ਆਉਂਦਾ ਹੈ, ਜਦੋਂ ਉਹਦੇ ਸਾਹਮਣੇ ਕਿਸੇ ਜ਼ਾਲਮ ਵੱਲੋਂ ਕਿਸੇ ਨਿਤਾਣੇ ਨੂੰ ਸਤਾਇਆ ਜਾਂਦਾ ਹੈ। ਜਦੋਂ ਉਸ ਦੇ ਸਾਹਮਣੇ ਕੋਈ ਗੁਰਮੁਖਤਾਈ ਦਾ ਪਾਖੰਡ ਕਰਕੇ ਲੋਕਾਂ ਨੂੰ ਗੁੰਮਰਾਹ ਕਰਦਾ ਹੈ, ਤਾਂ ਇਹ ਨਿਮਰ ਮਨੁੱਖ ਜੋਸ਼ ਨਾਲ ਭਰ ਕੇ ਗੁਰੂ ਦੀ ਬਖਸ਼ੀ ਕਿਰਪਾਨ ਰਾਹੀਂ ਜ਼ਾਲਮ ਨੂੰ ਵੰਗਾਰ ਵੀ ਲੈਂਦਾ ਹੈ। ਪਰਮ ਮਨੁੱਖ ਦੀ ਨਿਮਰਤਾ ਫੋਕੀ ਨਹੀਂ ਹੁੰਦੀ। ਇਹ ਨਿਮਰਤਾ ਗੁਰੂ ਅੱਗੇ, ਵੱਡਿਆਂ ਅੱਗੇ ਅਤੇ ਚੰਗਿਆਂ ਅੱਗੇ ਜਿਥੇ ਸਿਰ ਝੁਕਾਉਂਦੀ ਹੈ, ਉਥੇ ਪਾਖੰਡੀ, ਨਿਰਦਈ ਅਤੇ ਜ਼ਾਲਮ ਦੇ ਸਿਰ ਨੂੰ ਮਾਰਣ ਵਾਲੀ ਵੀ ਹੈ।

ਮਿੱਠਬੋਲੜਾਪਣ: ਪਰਮਾਤਮਾ ਦੀ ਇਸ ਬੜੀ ਪਿਆਰੀ ਖੂਬੀ ਬਾਰੇ ਗੁਰਬਾਣੀ ਕਹਿੰਦੀ ਹੈ:

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ (ਪੰਨਾ-784)

ਕੋਈ ਮਾੜਾ ਬੁਲਾਉਣ ਦੀ ਹਜ਼ਾਰ ਕੋਸ਼ਿਸ਼ਾਂ ਵੀ ਕਰ ਲਵੇ ਤਾਂ ਵੀ ਜੇ ਅਗਲਾ ਮਾੜਾ ਨਾ ਬੋਲੇ, ਤਾਂ ਉਸ ਨੂੰ ਮਿਠਾਸ ਦੀ ਸਿਖਰ ਹੀ ਮੰਨਿਆ ਜਾਵੇਗਾ। ਪਰਮਾਤਮਾ ਨੂੰ ਪਛਾਣ ਚੁੱਕੇ ਮਨੁੱਖ ਦੀ ਇਹ ਖਾਸ ਸਿਫਤ ਹੈ ਕਿ ਉਹ ਕਿਸੇ ਨਾਲ ਮੰਦਾ ਨਹੀਂ ਬੋਲਦਾ। ਉਸ ਨੂੰ ਗੁਰਬਾਣੀ ਦਾ ਇਹ ਫੁਰਮਾਣ ਸਦਾ ਯਾਦ ਰਹਿੰਦਾ ਹੈ:

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (ਪੰਨਾ-14-15)

ਨਿਮਰਤਾ ਅਤੇ ਮਿਠਾਸ ਨਾਲ ਭਰਿਆ ਐਸਾ ਵਿਅਕਤੀ ਨੇੜੇ ਆਏ ਹਰ ਕਿਸੇ ਨੂੰ ਵੀ ਮਿਠਾਸ ਹੀ ਵੰਡਦਾ ਹੈ।

ਦ੍ਰਿੜ੍ਹਤਾ: ਗੁਰਮੁਖ ਵਿਚ ਜਿਥੇ ਨਿਮਰਤਾ ਅਤੇ ਮਿਠਾਸ ਵਰਗੇ ਨਿਮਰ ਗੁਣ ਹਨ, ਉਥੇ ਦ੍ਰਿੜ੍ਹਤਾ ਵਰਗਾ ਸਖਤ ਗੁਣ ਵੀ ਬਰਾਬਰ ਦੀ ਸ਼ਾਨ ਨਾਲ ਹੈ। ਇਥੇ ਅਸੂਲ ਦੀ ਪਾਬੰਦੀ, ਗੁਰਮਤਿ ਸਿਧਾਤਾਂ ਪ੍ਰਤੀ ਦ੍ਰਿੜ੍ਹਤਾ ਨਾਲ ਭਰ ਕੇ ਬਲਵਾਨ ਇੱਛਾ ਸ਼ਕਤੀ ਦੇ ਐਸੇ-ਐਸੇ ਚਮਤਕਾਰ ਦੇਖਣ ਨੂੰ ਮਿਲਦੇ ਹਨ ਕਿ ਸਾਧਾਰਣ ਅਕਲ ਦੰਗ ਰਹਿ ਜਾਂਦੀ ਹੈ। ਭਾਈ ਮਨੀ ਸਿੰਘ ਦਾ ਬੰਦ-ਬੰਦ ਕਟਾਉਣਾ, ਬਾਬਾ ਦੀਪ ਸਿੰਘ ਜੀ ਦਾ ਜ਼ਖਮੀ ਹੁੰਦੇ ਹੋਏ ਵੀ ਯੁੱਧ ਵਿਚ ਲੜਨਾ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀਆਂ ਦ੍ਰਿੜ੍ਹਤਾ ਭਰੀਆਂ ਸ਼ਹੀਦੀਆਂ ਸਾਡੇ ਲਈ ਚਾਨਣ ਮੁਨਾਰਾ ਹਨ। ਨਿਰੀਆਂ ਸ਼ਹੀਦੀਆਂ ਹੀ ਕਿਉਂ? ਪੂਰਾ ਜੀਵਨ ਹੀ ਮਨੁੱਖਤਾ ਲੇਖੇ ਲਾ ਜਾਣ ਵਾਲੀਆਂ, ਉਦਾਹਰਣਾਂ ਵੀ ਸਾਹਮਣੇ ਹਨ। ਪ੍ਰਿੰਸੀਪਲ ਸਾਹਿਬ ਸਿੰਘ ਅਤੇ ਭਾਈ ਕਾਨ੍ਹ ਸਿੰਘ 'ਨਾਭਾ' ਦੇ ਜੀਵਨ ਅਸੂਲਾਂ ਨੂੰ ਪ੍ਰਣਾਏ ਦ੍ਰਿੜ੍ਹ ਜੀਵਨ ਹੀ ਤਾਂ ਸਨ।

ਨਿਰਭੈਤਾ: "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥" ਦਾ ਧਾਰਣੀ ਹੋ ਜਾਂਦਾ ਹੈ, ਸੰਪੂਰਨਤਾ ਨੂੰ ਪਹੁੰਚਿਆ ਮਨੁੱਖ। ਨਾ ਉਹ ਕਿਸੇ ਤੋਂ ਵਿਅਰਥ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਵਿਅਰਥ ਡਰਾਉਂਦਾ ਹੈ। ਪਰਮਾਤਮਾ ਦੇ ਇਕ ਪਿਆਰੇ ਗੁਣ ਨੂੰ ਧਾਰਣ ਕਰਕੇ ਉਹ ਫਿਰ ਉਸੇ ਦਾ ਹੀ ਰੂਪ ਹੋ ਜਾਂਦਾ ਹੈ। ਪਿਆਰ ਸਭ ਨਾਲ ਪਰ ਕਿਸੇ ਨਾਲ ਮੋਹ ਨਹੀਂ। ਕਿਉਂਕਿ ਮੋਹ ਤੋਂ ਹੀ ਪਕੜ ਉਪਜਦੀ ਹੈ ਅਤੇ ਪਕੜ ਤੋਂ ਹੀ ਕਬਜ਼ੇ ਦੀ ਭਾਵਨਾ ਅਤੇ ਖੋਏ ਜਾਣ ਦਾ ਡਰ। ਜਿਸ ਦੀ ਕਿਸੇ ਵੀ ਚੀਜ਼ ਤੇ ਪਕੜ ਨਹੀਂ ਉਸ ਨੂੰ ਕਿਸੇ ਚੀਜ਼ ਦੇ ਖੁਸਣ ਦਾ ਡਰ ਵੀ ਨਹੀਂ, ਫਿਰ ਉਹ ਕਿਉਂ ਕਿਸੇ ਤੋਂ ਐਵੇਂ ਹੀ ਡਰਦਾ ਫਿਰੇ ਜਾਂ ਐਵੇਂ ਹੀ ਡਰਾਉਦਾ ਫਿਰੇ।

ਨਿਰਵੈਰਤਾ: ਨਿਰਭੈਤਾ ਵਿਚੋਂ ਹੀ ਉਪਜਦੀ ਹੈ ਨਿਰਵੈਰਤਾ ਵਰਗੀ ਰੱਬੀ ਬਖਸ਼ਿਸ਼। "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥" ਵਰਗੀ ਬਿਰਤੀ ਹੋ ਜਾਂਦੀ ਹੈ। ਫਿਰ ਕੋਈ ਵੀ ਪਰਾਇਆ ਨਹੀਂ ਨਜ਼ਰ ਆਉਂਦਾ, ਸਭ ਕੁਝ ਉਸੇ ਇਕ ਦਾ ਰੂਪ ਦਿਸਣ ਲੱਗ ਪੈਂਦਾ ਹੈ। ਸਭ ਜੀਵ ਅਕਾਲ ਪੁਰਖ ਦੀ ਸੰਤਾਨ ਦਿਸਣ ਲੱਗ ਪੈਂਦੇ ਹਨ। ਫਿਰ ਵੈਰ ਹੋ ਵੀ ਕਿਸ ਨਾਲ ਸਕਦਾ ਹੈ। ਸੰਪੂਰਨਤਾ ਦੀ ਇਸ ਸਿਖਰ ਤੇ ਮਨੁੱਖ ਮਾਲਕ ਦੀ ਰਹਿਮਤ ਦੁਆਰਾ ਆਪ ਮੁਹਾਰੇ ਪੁਕਾਰ ਉਠਦਾ ਹੈ। "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥" ਨਿਮਰਤਾ, ਮਿਠਾਸ, ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਭਰ ਕੇ ਨਿਰਵੈਰਤਾ ਨਿਰੀ ਵਿਚਾਰ ਤਕ ਸੀਮਤ ਨਹੀਂ ਰਹਿ ਜਾਂਦੀ, ਸਗੋਂ ਅਮਲੀ ਜੀਵਨ ਦੀ ਸੁੰਦਰ ਮਿਸਾਲ ਹੋ ਨਿਬੜਦੀ ਹੈ।

ਸੇਵਾ: "ਸੇਵਾ ਕਰਤੁ ਹੋਏ ਨਿਹਕਾਮੀ" ਦੀ ਦੀ ਪਵਿੱਤਰ ਭਾਵਨਾ ਨਾਲ ਭਰ ਕੇ ਪਰਮ ਮਨੁੱਖ ਆਪਣੇ ਜੀਵਨ ਵਿਚ ਮਿਲੇ ਹਰ ਕੰਮ ਨੂੰ ਪਰਮਾਤਮਾ ਦੀ ਹੀ ਸੇਵਾ ਸਮਝਦਾ ਹੈ। ਨਿਮਰਤਾ ਨਾਲ ਸੇਵਾ ਦਾ ਸੁਭਾਅ ਬਣਦਾ ਹੈ। ਮਿਠਾਸ ਸੇਵਾ ਨਾਲ ਆਉਣ ਵਾਲੀ ਹਉਮੈਂ ਦਾ ਮੂੰਹ ਮੋੜ ਦਿੰਦੀ ਹੈ। ਦ੍ਰਿੜ੍ਹਤਾ ਅਤੇ ਨਿਰਭੈਤਾ ਨਾਲ ਹਰ ਮਿਲੀ ਸੇਵਾ ਨੂੰ ਖਿੜੇ ਮੱਥੇ ਪ੍ਰਵਾਣਿਆ ਜਾਂਦਾ ਹੈ। ਸਭ ਵਿਚ ਉਸ ਦੀ ਜੋਤ ਨਜ਼ਰ ਆ ਜਾਣ ਤੇ ਨਿਰਵੈਰ ਭਾਵ ਨਾਲ ਬਿਨਾਂ ਕਿਸੇ ਲੋਭ, ਲਾਲਚ ਜਾਂ ਦਵੈਤ ਦੇ ਮਨੁੱਖ ਪੂਰੀ ਮਨੁੱਖਤਾ ਦਾ ਹੀ ਸੇਵਾਦਾਰ ਹੋ ਨਿਬੜਦਾ ਹੈ। ਸੇਵਾ ਚਾਹੇ ਭਾਂਡੇ ਮਾਂਜਣ ਦੀ ਹੋਵੇ, ਪੱਖਾ ਝੱਲਣ ਦੀ ਹੋਵੇ, ਭਾਈ ਘਨੱਈਆ ਜੀ ਵਾਂਗ ਪਾਣੀ ਪਿਲਾਉਣ ਅਤੇ ਮਲ੍ਹਮ ਪੱਟੀ ਦੀ ਹੋਵੇ ਅਤੇ ਜਾਂ ਫਿਰ ਭਾਈ ਗੁਰਦਾਸ ਜੀ ਵਾਂਗ ਮਨੁੱਖਤਾ ਦੀ ਆਦਿ ਗ੍ਰੰਥ ਵਰਗੀ ਮਹਾਨ ਕ੍ਰਿਤ ਦੀ ਸੰਪਾਦਨਾ ਕਰਕੇ ਦੇਣ ਦੀ, ਜਾਂ ਫਿਰ ਤਲਵਾਰ ਚੁਕ ਕੇ ਜਾਲਮ ਨੂੰ ਸੋਧਣ ਦੀ। ਸੇਵਾ ਹਰ ਹਾਲ ਵਿਚ ਸੇਵਾ ਹੀ ਰਹਿੰਦੀ ਹੈ ਅਤੇ ਪਰਮ ਮਨੁੱਖ ਸਦਾ ਸੇਵਾਦਾਰ।

ਕਿਰਤ: "ਘਾਲ ਖਾਇ ਕਿਛੁ ਹਥਹੁ ਦੇਇ" ਦੇ ਪਿਆਰੇ ਅਤੇ ਸਹਿਜ ਮਾਰਗ ਨੂੰ ਅਪਣਾ ਲੈਂਦਾ ਹੈ, ਸੰਪੂਰਨ ਮਨੁੱਖ ਜੀਵਨ ਵਿਚ ਮਿਲੇ ਹਰ ਕੰਮ ਨੂੰ ਇਮਾਨਦਾਰੀ ਨਾਲ ਕਿਰਤ ਸਮਝ ਕੇ ਹੀ ਨਿਭਾਉਂਦਾ ਹੈ। ਉਪਰੋਕਤ ਸਾਰੇ ਗੁਣਾਂ ਦਾ ਜੇ ਸੁਮੇਲ ਹੋਵੇ ਤਾਂ ਹਰ

ਕੰਮ 'ਧਰਮ ਦੀ ਕਿਰਤ' ਹੀ ਹੋ ਨਿਬੜਦਾ ਹੈ। ਕੰਮ ਚਾਹੇ ਸੜਕ ਤੇ ਰੋੜੀ ਕੁੱਟਣਾ ਹੋਵੇ ਜਾਂ ਕਿਸੇ ਵੱਡੇ ਦਫ਼ਤਰ ਵਿਚ ਨੌਕਰੀ ਕਰਨ ਦਾ। ਖੇਤੀ ਹੋਵੇ ਜਾਂ ਫਿਰ ਵਾਪਾਰ। ਜਦੋਂ ਪਰਮਾਤਮਾ ਦੀ ਪਛਾਣ ਹੋ ਜਾਵੇ, ਤਾਂ ਹਰ ਕੰਮ ਵਿਚ ਇਮਾਨਦਾਰੀ ਖੁੱਦ-ਬ-ਖੁੱਦ ਆ ਜਾਂਦੀ ਹੈ। **"ਗੋਬਿੰਦ ਦੇ ਚਾਕਰ"** ਹੋਣ ਦਾ ਮਾਣ ਵੀ ਨਾਲ ਹੀ ਆ ਜਾਂਦਾ ਹੈ। ਮਨੁੱਖ ਫਿਰ ਮਿਹਨਤ ਮਜ਼ਦੂਰੀ, ਨੌਕਰੀ ਜਾਂ ਵਪਾਰ ਕਿਸੇ ਮਨੁੱਖੀ ਮਾਲਕ ਨਹੀਂ ਕਰਦਾ, ਸਗੋਂ ਸਾਰੀ ਜਾਤੀ ਦੀ ਹੋਂਦ ਸੰਵਾਰਣ ਦੇ ਭਾਵ ਨਾਲ ਕਰਦਾ ਹੈ।

ਉੱਚਾ ਆਚਰਣ: ਨੇਕੀ, ਸੱਚਾਈ, ਈਮਾਨਦਾਰੀ, ਪਿਆਰ, ਸੁੱਚੀ ਅੱਖ ਆਦਿਕ ਸਾਰੇ ਹੀ ਆਚਰਣਕ ਗੁਣ ਆ ਕੇ ਪਰਮ ਮਨੁੱਖ ਦੇ ਹਿਰਦੇ ਵਿਚ ਡੇਰਾ ਲਾ ਲੈਂਦੇ ਹਨ। ਉਸ ਨੂੰ ਸਦਾ ਯਾਦ ਰਹਿੰਦਾ ਹੈ ਕਿ ਉਸ ਨੇ ਪਰਾਈ ਚੀਜ਼, ਪਰਾਇਆ ਰੂਪ, ਪਰਾਏ ਧਨ ਨੂੰ ਹੱਥ ਲਾਉਣਾ ਤਾਂ ਦੂਰ, ਇਨ੍ਹਾਂ ਬਾਰੇ ਸੋਚਣਾ ਵੀ ਨਹੀਂ। ਕਿਸੇ ਵੀ ਤਰ੍ਹਾਂ ਪਰਾਇਆ ਹੱਕ ਨਹੀਂ ਮਾਰਣਾ। ਖੁੱਦ ਸਦਾ ਸੁਚੇਤ ਰਹਿੰਦਾ ਹੈ ਪਰਮ ਮਨੁੱਖ ਅਤੇ ਸਤਸੰਗੀਆਂ ਨੂੰ ਸਦਾ ਸੁਚੇਤ ਕਰਦਾ ਰਹਿੰਦਾ ਹੈ।

ਵੰਡ ਛਕਣਾ: ਉੱਚੇ ਆਚਰਣਕ ਗੁਣਾਂ ਅਤੇ 'ਧਰਮ ਦੀ ਕਿਰਤ' ਸਦਕਾ ਪਰਮ ਮਨੁੱਖ ਨੂੰ ਜੀਵਨ ਵਿਚ ਜੋ ਵੀ ਮਿਲੇ ਉਸ ਨੂੰ ਪਰਮਾਤਮਾ ਦੀ ਦਾਤ ਸਮਝ ਕੇ ਹੋਰਾਂ ਨਾਲ ਵੰਡ ਛਕਦਾ ਹੈ। ਉਹ ਚਾਹੇ ਧਨ ਪਦਾਰਥ ਹੋਵੇ, ਚਾਹੇ ਵਿਦਿਆ ਹੋਵੇ, ਚਾਹੇ ਗੁਣ ਹੋਵੇ, ਚਾਹੇ ਨਰੋਇਆ ਸਰੀਰ ਅਤੇ ਚਾਹੇ ਹੋਰ ਵੀ ਕੋਈ ਖਜ਼ਾਨਾ ਹੋਵੇ। ਗੁਰਮੁਖ ਕਦੀ ਵੀ ਇਕੱਲਾ ਨਹੀਂ ਵਰਤਦਾ।

ਸਦਾ ਵਿਗਾਸ: ਭਗਤੀ ਦੇ ਮਾਰਗ ਚਲਦਿਆਂ, ਸਹਿਜ ਜੀਵਨ ਜਿਉਂਦਿਆਂ, ਨਿਰਛਲਤਾ ਦੇ ਗੁਣਾਂ, ਇਮਾਨਦਾਰੀ, ਧਰਮ ਦੀ ਕਿਰਤ ਅਤੇ ਵੰਡ ਛਕਣ, ਵਰਗੇ ਪਰਮਾਤਮਾ ਦੇ ਗੁਣਾਂ ਵਾਲਾ ਹੋ ਜਾਂਣ ਕਾਰਣ ਮਨੁੱਖ ਅੰਦਰੋਂ ਹੀ ਇਕ ਸੁਭਾਵਕ ਖੇੜੇ ਨਾਲ ਭਰ ਜਾਂਦਾ ਹੈ। ਇਹ ਖੇੜਾ ਵੀ ਫਿਰ ਸਿਰਫ ਅੰਦਰ ਹੀ ਨਹੀਂ ਰਹਿ ਜਾਂਦਾ। ਚਿਹਰੇ ਤੇ, ਅੱਖਾਂ ਤੋਂ ਸਰੀਰ ਦੇ ਹਰ ਅੰਗ ਵਿਚੋਂ ਇਹ ਖੇੜਾ ਡੁੱਲ੍ਹ-ਡੁੱਲ੍ਹ ਪੈਂਦਾ ਹੈ ਅਤੇ ਉਸ ਕਰਤਾ ਦੇ ਸ਼ੁਕਰਾਨੇ ਵਿਚ ਭਿੱਜਾ ਆਪਣੀ ਮਹਿਕ ਲੋਕਾਈ ਨੂੰ ਵੰਡਦਾ ਰਹਿੰਦਾ ਹੈ। ਹਰ ਦੁੱਖ-ਸੁੱਖ ਵਿਚ ਇਕ ਸਾਰ ਰਹਿਣ ਦੀ ਜੁਗਤ ਇਸ ਖੇੜੇ ਕੋਲ ਪ੍ਰਪੱਕ ਹੁੰਦੀ ਹੈ।

ਉਪਰੋਕਤ ਗੁਣ ਅਤੇ ਹੋਰ ਅਨੇਕਾਂ ਅਜਿਹੇ ਗੁਣਾਂ ਦਾ ਧਾਰਨੀ ਗੁਰਮੁਖ ਖੁਦ ਸੁਚੱਜਾ ਜੀਵਨ ਜਿਉਂਦਾ ਹੈ ਅਤੇ ਹੋਰਾਂ ਨੂੰ ਪ੍ਰੇਰਦਾ ਹੈ। ਉਸ ਲਈ ਸਭ ਹੀ ਆਪਣੇ ਹਨ। ਕਿਸੇ ਦੇ ਦੋਸ਼ ਨਾ ਦੇਖਦਿਆਂ ਹਰ ਕਿਸੇ ਨਾਲ ਪਿਆਰ ਅਤੇ ਗੁਣਾਂ ਦੀ ਸਾਂਝ ਪਾਉਂਦਿਆਂ ਉਹ ਮਨੁੱਖਤਾ ਨੂੰ ਚੰਗੀ ਜੀਵਨ ਸੇਧ ਦਿੰਦਾ ਆਪਣਾ ਜੀਵਨ ਸਫਲਾ ਕਰ ਜਾਂਦਾ ਹੈ। ਐਸੇ ਗੁਰਬਾਣੀ ਦੀ ਕਸਵੱਟੀ ਤੇ ਪਰਖੇ ਉਪਰੋਕਤ ਗੁਣਾਂ ਦੇ ਧਾਰਨੀ ਮਨੁੱਖ ਦਾ ਥੋੜਾ ਚਿਰ ਸਾਥ ਵੀ ਸਦੀਵੀ ਹੋ ਨਿਬੜਦਾ ਹੈ। ਇਹੋ ਜਿਹੀਆਂ ਲਈ ਹੀ ਹਰ ਇਕ ਦੀ ਹੂਕ ਹੁੰਦੀ ਹੈ:

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ॥

-0-

17. ਖ਼ਾਲਸਾ

ਖ਼ਾਲਸੇ ਦਾ ਸਰੂਪ ਅਤੇ ਲੱਛਣ ਇਸ ਤਰ੍ਹਾਂ ਹਨ:

ਜਾਗਤ ਜੋਤਿ ਜਪੈ ਨਿਸਬਾਸੁਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ, ਮੜੀ, ਮੱਟ, ਭੁਲ ਨ ਮਾਨੈ॥2॥
ਤੀਰਥ, ਦਾਨ, ਦਇਆ, ਤਪ, ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥3॥
ਪੂਰਨ ਜੋਤ ਜਗੈ ਘਟ ਮੈਂ, ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥4॥

(33 ਸਵਈਏ, ਪਾ. ਦਸਵੀਂ)

1. ਖ਼ਾਲਸਾ ਕੇਵਲ ਇਕ ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਵੀ ਸ਼ਕਲ ਵਿਚ ਮੰਨੇ ਜਾਂਦੇ ਪ੍ਰਭੂ ਨੂੰ ਨਹੀਂ ਮੰਨਦਾ।

2. ਖ਼ਾਲਸਾ ਅੰਤਰ-ਆਤਮੇ ਅਕਾਲ ਪੁਰਖ ਨਾਲ ਇਕ-ਮਿਕ ਹੋ ਕੇ ਪੂਰਨ-ਪ੍ਰੇਮ ਤੇ ਵਿਸ਼ਵਾਸ ਵਿਚ ਰਹਿੰਦਾ ਹੈ, ਖ਼ਾਲਸਾ ਵਰਤ (ਭੋਜਨ ਦਾ ਤਿਆਗ) ਕਬਰਾਂ, ਮੜ੍ਹੀਆਂ (ਸਮਾਧਾਂ), ਮੱਠਾਂ (ਸਾਧ ਸੰਤਾਂ ਦੇ ਤਪ-ਅਸਥਾਨ) ਆਦਿ ਨੂੰ ਭੁੱਲ ਕੇ ਵੀ ਵਿਸ਼ਵਾਸ ਨਹੀਂ ਰਖਦਾ।

3. ਖਾਲਸਾ ਤੀਰਥ, ਦਾਨ, ਪੁੰਨ, ਦਇਆ, ਤੱਪ, ਸੰਜਮ ਆਦਿ ਤੇ ਬਿਲਕੁਲ ਵਿਸ਼ਵਾਸ ਨਾ ਰੱਖ ਕੇ ਕੇਵਲ ਸਰਬ ਸ਼ਕਤੀਮਾਨ ਪ੍ਰਭੂ ਨੂੰ ਮੰਨਦਾ ਹੈ। ਪੂਰਨ ਖ਼ਾਲਸਾ ਉਹ ਹੈ ਜਿਸ ਦੇ ਹਿਰਦੇ ਅੰਦਰ ਅਕਾਲ ਪੁਰਖ ਦੀ ਜੋਤਿ ਨਿਰੰਤਰ ਜਗ ਰਹੀ ਹੈ।

4. ਜਿਸ ਦੇ ਮਨ ਵਿਚ ਪ੍ਰਭੂ ਦੇ ਗਿਆਨ ਦੀ ਜੋਤ ਭਾਵ ਗਿਆਨ ਦਾ ਚਾਨਣ ਲਟ-ਲਟ ਜਗਦਾ ਹੋਵੇ, ਉਹ ਮਨੁੱਖ ਹੀ ਸ਼ੁੱਧ ਆਦਰਸ਼ਕ ਇਨਸਾਨ ਹੈ। ਅਜਿਹਾ ਧਰਮੀ ਮਨੁੱਖ ਹੀ ਪੂਰਨ ਖਾਲਸਾ ਅਖਵਾ ਸਕਦਾ ਹੈ।

-0-

ਪ੍ਰਸ਼ਨ ਪੱਤਰ ਪਾਠ ਨੰ. 10

1. ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀਆਂ ਦੀ ਵਿਉਂਤਬੱਧ ਤਰਤੀਬ 'ਤੇ ਚਾਨਣਾ ਪਾਓ।

2. 'ਸ਼ਬਦ ਗੁਰੂ' ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਦੱਸੋ।

3. ਬਾਣੀ ਨੂੰ ਧਿਆਨ ਨਾਲ ਵਿਚਾਰਨ ਨਾਲ ਮਨੁੱਖ ਨੂੰ ਕਿਹੜੀਆਂ ਪ੍ਰਾਪਤੀਆਂ ਹੁੰਦੀਆਂ ਹਨ।

4. ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦੇ ਇਤਿਹਾਸ ਬਾਰੇ ਖੋਲ੍ਹ ਕੇ ਲਿਖੋ।

5. ਗੁਰਬਾਣੀ ਅਤੇ ਭਗਤਾਂ ਦੀ ਬਾਣੀ ਵਿਚਲੇ ਪਰਸਪਰ ਸੁਮੇਲ ਨੂੰ ਪ੍ਰਮਾਣਾਂ ਰਾਹੀਂ ਬਿਆਨ ਕਰੋ।

6. ਹਰੇਕ ਸ਼ਬਦ ਦਾ ਮੁੱਖ ਭਾਵ (ਰਹਾਉ) ਆਪਣੇ ਸ਼ਬਦਾਂ ਵਿਚ ਬਿਆਨ ਕਰੋ।

7. ਅਰਥ ਲਿਖੋ: ਕਰਮੀ, ਅੰਮ੍ਰਿਤਧਾਰੀ, ਨਿਮਖ, ਪਰਸਨ, ਸਰਸਨ, ਹਰਸਨ, ਉਰਿ, ਬੰਨਾ, ਬਿਖਾਦੀ, ਅਪਵਾਦੀ, ਭਾਗਠ, ਪੀਊ ਦਾਦੇ, ਅਖੂਟ।

8. ਗੁਰਬਾਣੀ ਵਿਚਾਰਨ ਨਾਲ ਮਨੁੱਖ ਦਾ ਜੀਵਨ ਕਿਵੇਂ ਸੰਵਰ ਜਾਂਦਾ ਹੈ?

9. ਮਾਤਾ ਸਾਹਿਬ ਕੌਰ ਜੀ ਦਾ ਜੀਵਨ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

10. ਭਾਈ ਗੁਰਦਾਸ ਜੀ ਦੇ ਜੀਵਨ ਬਾਰੇ ਦੱਸੋ।

11. ਭਾਈ ਦਿੱਤ ਸਿੰਘ ਜੀ ਦਾ ਜੀਵਨ ਗੁਰਮਤਿ ਪ੍ਰਚਾਰ ਨੂੰ ਸਮਰਪਿਤ ਸੀ। ਸਪੱਸ਼ਟ ਕਰੋ।

12. ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਕੌਮ ਨੂੰ ਕੀ ਦੇਣ ਹੈ? ਸਪੱਸ਼ਟ ਕਰੋ।

13. ਭਾਈ ਕਰਮ ਸਿੰਘ ਹਿਸਟੋਰੀਅਨ ਦੀ ਕੁਰਬਾਨੀ ਅਤੇ ਸ਼ਖਸੀਅਤ ਵਰਣਨ ਕਰੋ।

14. ਪ੍ਰਿੰਸੀਪਲ ਸਾਹਿਬ ਸਿੰਘ ਜੀ ਦਾ ਸਾਰਾ ਜੀਵਨ ਨਿਰੰਤਰ ਸੰਘਰਸ਼ ਅਤੇ ਗੁਰਮਤਿ ਪ੍ਰਚਾਰ ਦਾ ਪ੍ਰਤੀਕ ਕਿਵੇਂ ਹੈ?

15. ਨਸ਼ਾ ਕੀ ਹੈ ਅਤੇ ਕਿੰਨੇ ਪ੍ਰਕਾਰ ਦਾ ਹੁੰਦਾ ਹੈ?

16. ਅਲੱਗ-ਅਲੱਗ ਨਸ਼ੇ ਸਰੀਰ ਉਤੇ ਕਿਵੇਂ ਪ੍ਰਭਾਵ ਪਾਉਂਦੇ ਹਨ? ਬਿਆਨ ਕਰੋ।

17. ਕਿਨ੍ਹਾਂ ਹਾਲਾਤਾਂ ਕਾਰਨ ਨਸ਼ੇ ਲੱਗਦੇ ਹਨ ਤੇ ਇਸ ਦਾ ਕੀ ਉਪਾਓ ਹੈ?

18. ਗੁਰਮਤਿ ਅਨੁਸਾਰ ਗੁਰਸਿੱਖ ਦੀਆਂ ਕੀ-ਕੀ ਨਿਸ਼ਾਨੀਆਂ ਹਨ? ਵਿਸਥਾਰ ਸਹਿਤ ਲਿਖੋ।

-0-

ੴ ਵਾਹਿਗੁਰੂ ਜੀ ਕੀ ਫਤਿਹ॥

ਗੁਰੂ ਪਿਆਰੇ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਵਾਹਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਆਪ ਜੀ 'ਗੁਰਮਤਿ ਐਲੀਮੈਂਟਰੀ ਕੋਰਸ' ਦਾ ਦਸਵਾਂ ਲੈਸਨ ਸੰਪੂਰਨ ਕਰ ਚੁੱਕੇ ਹੋ ਜੀ, ਇਸ ਦੇ ਨਾਲ ਹੀ ਇਹ ਕੋਰਸ ਸੰਪੂਰਨ ਹੋ ਜਾਂਦਾ ਹੈ। ਇਸ ਨੂੰ ਧਿਆਨ ਨਾਲ ਪੜ੍ਹਨ, ਵਿਚਾਰਨ ਨਾਲ ਆਪ ਜੀ ਨੂੰ ਗੁਰਮਤਿ ਅਨੁਸਾਰ ਕੀ ਕੀ ਜਾਣਕਾਰੀ ਮਿਲੀ? ਆਪ ਜੀ ਦੇ ਜੀਵਨ ਵਿਚ ਪਹਿਲਾਂ ਨਾਲੋਂ ਗੁਰਮਤਿ ਅਨੁਸਾਰ ਕੀ ਤਬਦੀਲੀ ਵਾਪਰੀ? ਆਪ ਜੀ ਇਸ ਕੋਰਸ ਨੂੰ ਕਰਨ ਤੋਂ ਬਾਅਦ ਮਾਨਸਿਕ ਅਤੇ ਆਤਮਿਕ ਤੌਰ 'ਤੇ ਕਿਵੇਂ ਅਨੁਭਵ ਕਰਦੇ ਹੋ? ਇਸ ਵਿਚ ਰਹਿ ਗਈਆਂ ਕਮੀਆਂ ਬਾਰੇ ਜਾਣਕਾਰੀ ਦਿਉ ਜੀ।

ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਆਪ ਜੀ ਦੇ ਕੀਮਤੀ ਸੁਝਾਵਾਂ ਦੀ ਉਡੀਕ ਵਿਚ।